The Scottish Government
Riaghaltas na h-Alba

# ਰਾਸ਼ਟਰੀਦੇਖਭਾਲਮਾਨਕ

## ਘਰੇਲੂ ਸਮਰਥਨ ਸੇਵਾਵਾਂ

ਸਿਤੰਬਰ 2013

ਪ੍ਰਤਿਸ਼ਠਾ

ਨਿਜਤਾ

ਵਿਕਲਪ

ਸੁਰੱਖਿਆ

ਅਹਿਸਾਸ ਦੀ ਸੰਭਾਵਨਾ

ਸਮਾਨਤਾ ਅਤੇ ਵਿਵਿਧਤਾ

The Scottish Government
Riaghaltas na h-Alba

© ਕ੍ਰਾਊਨ ਕਾਪੀਰਾਇਟ 2013

ਤੁਸੀਂ ਓਪਨ ਗਵਰਨਮੈਂਟ ਲਾਇਸੈਂਸ ਦੇ ਨਿਯਮਾਂ ਦੇ ਤੈਹਤ, ਕਿਸੇ ਵੀ ਫੋਰਮੈਟ ਜਾਂ ਮੀਡੀਅਮ ਵਿੱਚ ਮੁਫਤ ਵਿੱਚ ਇਸ ਜਾਣਕਾਰੀ (ਲੋਗੋ ਅਤੇ ਤਸਵੀਰਾਂ ਤੋਂ ਇਲਾਵਾ) ਦੀ ਮੁੜ–ਵਰਤੋਂ ਕਰ ਸਕਦੇ ਹੋ। ਇਸ ਲਾਇਸੈਂਸ ਨੂੰ ਦਖਣ ਲਈ, http://www.nationalarchives.gov.uk/doc/open-government-licence/ ਤੇ ਜਾਓ ਜਾਂ ਇਸ ਪਤੇ ਤੇ ਈ–ਮਲ ਕਰੋ: psi@nationalarchives.gsi.gov.uk.

ਜਿੱਥ ਅਸੀਂ ਕਿਸੇ ਵੀ ਤੀਜੇ ਪੱਖ ਦੀ ਕਾਪੀਰਾਇਟ ਦੀ ਜਾਣਕਾਰੀ ਦੀ ਪਛਾਣ ਕੀਤੀ ਹੈ ਤੁਹਾਨੂੰ ਸਬੰਧਤ ਕਾਪੀਰਾਇਸ ਦੇ ਧਾਰਕਾਂ ਤੋਂ ਆਗਿਆ ਲੈਣ ਦੀ ਲੋੜ ਹੋਵੇਗੀ।

ISBN: 978-1-78256-867-4 (web only) Punjabi

The Scottish Government
St Andrew’s House
Edinburgh
EH1 3DG

ਏਪੀਐੱਸ ਗਰੁੱਪ ਸਕੋਟਲੈਂਡ DPPAS14688 (09/13) ਦੁਆਰਾ ਸਕੋਟਿਸ਼ ਸਰਕਾਰ ਲਈ ਪੇਸ਼ ਕੀਤੀ

ਸਕੋਟਿਸ਼ ਸਰਕਾਰ, ਸਿਤੰਬਰ 2013 ਦੁਆਰਾ ਪ੍ਰਕਾਸ਼ਤ ਕੀਤੀ

# ਰਾਸ਼ਟਰੀ ਦੇਖਭਾਲ ਮਾਨਕ

## ਘਰੇਲੂ ਸਮਰਥਨ ਸੇਵਾਵਾਂ

ਪ੍ਰਤਿਸ਼ਠਾ

ਨਿਜਤਾ

ਵਿਕਲਪ

ਸੁਰੱਖਿਆ

ਅਹਿਸਾਸ ਦੀ ਸੰਭਾਵਨਾ

ਸਮਾਨਤਾ ਅਤੇ ਵਿਵਿਧਤਾ

# ਤੱਤ

**ਭੂਮਿਕਾ** **3**

**ਸੇਵਾ ਦੀ ਵਰਤੋਂ ਕਰਨ ਤੋਂ ਪਹਿਲਾਂ (ਮਾਨਕ 1 ਤੋਂ 4)** **13**

1 ਸੂਚਿਤ ਕਰਨਾ ਅਤੇ ਫੈਸਲਾ ਕਰਨਾ 15

2 ਤੁਹਾਡੇ ਕਨੂੰਨੀ ਅਧਿਕਾਰ 16

3 ਪ੍ਰਬੰਧਨ ਅਤੇ ਸਟਾਫ ਦੇ ਆਯੋਜਨ 17

4 ਘਰੇਲੂ ਸਮਰਥਨ ਦੀ ਯੋਜਨਾ ਕਰਨਾ 19

**ਸੇਵਾ ਦੀ ਵਰਤੋਂ ਕਰਨਾ (ਮਾਨਕ 5 ਤੋਂ 8)** **21**

5 ਜੀਵਨਸ਼ੈਲੀ – ਸਮਾਜਕ, ਸੱਭਿਆਚਾਰਕ ਅਤੇ ਧਾਰਮਕ ਵਿਸ਼ਵਾਸ ਜਾਂ ਮਾਨਤਾ 23

6 ਪਸੰਦ ਅਤੇ ਸੰਚਾਰ 24

7 ਆਪਣੇ ਅਧਿਕਾਰਾਂ ਦੀ ਵਰਤੋਂ ਕਰਨਾ 25

8 ਆਪਣੇ ਵਿਚਾਰਾਂ ਨੂੰ ਪ੍ਰਕਟ ਕਰਨਾ 26

**ਸੇਵਾ ਨੂੰ ਛੱਡਣ ਜਾਂ ਸਮਾਪਤ ਕਰਨ ਦੀ ਚੋਣ ਕਰਨਾ (ਮਾਨਕ 9)** **27**

9 ਸੇਵਾ ਨੂੰ ਛੱਡਣ ਜਾਂ ਸਮਾਪਤ ਕਰਨ ਦੀ ਚੋਣ ਕਰਨਾ 28

**ਅੰਤਕਾ ਏ: ਸ਼ਬਦਾਵਲੀ** **29**

**ਅੰਤਕਾ ਬੀ: ਮਦਦਗਾਰ ਹਵਾਲੇ ਦੀ ਸਮੱਗਰੀ** **31**

# ਭੂਮਿਕਾ

ਰਾਸ਼ਟਰੀਦੇਖਭਾਲਮਾਨਕ

ਘਰੇਲੂ ਸਮਰਥਨ ਸੇਵਾਵਾਂ

# ਭੂਮਿਕਾ

### ਘਰੇਲੂ ਸਮਰਥਨ ਸੇਵਾਵਾਂ

ਘਰੇਲੂ ਸਮਰਥਨ ਸੇਵਾਵਾਂ ਨੇ ਲੋੜਾਂ ਦੀ ਵਿਆਪਕ ਰੇਂਜ਼ ਦੇ ਪ੍ਰਤੀ ਕਾਲਪਨਿਕ ਪ੍ਰਤੀਕਿਰਿਆ ਵਜੋਂ ਕਈ ਸਾਲਾਂ ਤੋਂ ਵਿਕਾਸ ਕੀਤਾ ਹੈ। ਘਰੇਲੂ ਸਮਰਥਨ ਸੇਵਾਵਾਂ ਨੂੰ ਉਨ੍ਹਾਂ ਦੇ ਕਾਰਜਕਾਲ ਦੀ ਪਰਵਾਹ ਕੀਤੇ ਬਿਨਾਂ, ਸਮੁਦਾਏ ਵਿੱਚ ਸੁਤੰਤਰ ਤੌਰ ਤੇ ਰਹਿਣ ਲਈ ਲੋਕਾਂ ਦੀ ਮਦਦ ਕਰਨੀ ਚਾਹੀਦੀ ਹੈ। ਰਹਿਣ ਲਈ ਸਥਿਰ ਥਾਂ ਹੋਣਾ ਅਤੇ ਇਸ ਦਾ ਕਾਇਮ ਰਹਿਣਾ ਉਨ੍ਹਾਂ ਕਈ ਅਤਿ-ਸੰਵੇਦਨਸ਼ੀਲ ਲੋਕਾਂ ਲਈ ਜਰੂਰੀ ਹੈ ਜੋ ਉਨ੍ਹਾਂ ਦੇ ਖੁਦ ਦੇ ਘਰ ਵਿੱਚ ਰਹਿਣਾ ਚਾਹੁੰਦੇ ਹਨ।

ਫਿਲਹਾਲ, ਉਨ੍ਹਾਂ ਲੋਕਾਂ ਦਾ ਵੱਡਾ ਸਮੂਹ, ਜੋ ਕਿ ਘਰੇਲੂ ਸਮਰਥਨ ਪ੍ਰਾਪਤ ਕਰਦੇ ਹਨ, ਪਨਾਹ ਵਾਲੇ ਘਰਾਂ ਵਿੱਚ ਰਹਿਣ ਵਾਲੇ ਬੁੱਢੇ ਲੋਕ ਹਨ ਜਿਨ੍ਹਾਂ ਵਿੱਚ ਉਨ੍ਹਾਂ ਦੀਆਂ ਜਿੰਦਗੀਆਂ ਨੂੰ ਅਸਾਨ ਬਣਾਉਣ ਵਿੱਚ ਮਦਦ ਕਰਨ ਲਈ ਵਿਸ਼ੇਸ਼ਤਾਵਾਂ ਸ਼ਾਮਲ ਹਨ। ਇੱਥੇ ਆਮ ਤੌਰ ਤੇ ਡਿੱਗਣ ਜਾਂ ਹੋਰ ਅਪਾਤਕਾਲੀਨ ਦੇ ਮਾਮਲੇ ਵਿੱਚ ਸਮੁਦਾਏ ਅਲਾਰਮ ਜਾਂ ਟੈਲੀਕੇਅਰ ਸੇਵਾ ਉਪਲਬਧ ਹੈ, ਅਤੇ ਕੁਝ ਸਕੀਮਾਂ ਵਿੱਚ ਉਨ੍ਹਾਂ ਦੇ ਖੁਦ ਦਾ ਚੌਕੀਦਾਰ ਜਾਂ ਪਨਾਹ ਵਾਲੇ ਘਰਾਂ ਦਾ ਪ੍ਰਬੰਧਕ ਉਪਲਬਧ ਹੁੰਦਾ ਹੈ।

ਪਰ, ਖਾਸ ਤਰ੍ਹਾਂ ਦੀਆਂ ਲੋੜਾਂ ਵਾਲੇ ਲੋਕਾਂ ਦੀ ਵਿਸਤ੍ਰਿਤ ਰੇਂਜ਼ ਘਰੇਲੂ ਸਮਰਥਨ ਸੇਵਾਵਾਂ ਪ੍ਰਾਪਤ ਕਰ ਸਕਦੀ ਹੈ, ਜਿਨ੍ਹਾਂ ਵਿੱਚ ਬੇਘਰ ਲੋਕ, ਸ਼ਰਨਾਰਥੀ, ਘਰੇਲੂ ਹਿੰਸਾ ਤੋਂ ਬਚਾਵ ਕਰਨ ਵਾਲੀਆਂ ਔਰਤਾਂ, ਚਿਰਕਾਲੀਨ ਬਿਮਾਰੀ ਵਾਲੇ ਲੋਕ, ਸਰੀਰਕ ਤੌਰ ਤੇ ਵਿਕਲਾਂਗ ਜਾਂ ਸਿੱਖਣ ਵਿੱਚ ਅਯੋਗਤਾ ਵਾਲੇ ਲੋਕ, ਪੂਰਵ-ਅਪਰਾਧੀ, ਨਸ਼ੀਲੇ ਪਦਾਰਥਾਂ ਅਤੇ ਸ਼ਰਾਬ ਨਾਲ ਸਬੰਧਤ ਸਮੱਸਿਆਵਾਂ ਵਾਲੇ ਲੋਕ, ਅਤੇ ਉਹ ਹੋਰ ਲੋਕ ਸ਼ਾਮਲ ਹਨ ਜਿਨ੍ਹਾਂ ਨੂੰ ਸਮਰਥਨ ਦੀ ਲੋੜ ਹੁੰਦੀ ਹੈ। ਉਹ ਉਸ ਵੇਲੇ ਇਨ੍ਹਾਂ ਸੇਵਾਵਾਂ ਦੀ ਵਰਤੋਂ ਕਰ ਸਕਦੇ ਹਨ ਜਦੋਂ ਉਨ੍ਹਾਂ ਦੀ ਰਿਹਾਇਸ਼ ਅਸਥਾਈ ਹੁੰਦੀ ਹੈ (ਉਦਾਹਰਨ ਲਈ, ਕਿਸੇ ਬਿਪਤਾ ਵਿੱਚ) ਜਾਂ ਜਦੋਂ ਉਹ ਮੁੜ ਤੋਂ ਵਸ ਰਹੇ ਹੁੰਦੇ ਹਨ।

ਇੱਥੇ ਸਮਰਥਤ ਰਿਹਾਇਸ਼ ਦੇ ਮਾਡਲਾਂ ਦੀ ਵਿਸਤ੍ਰਿਤ ਰੇਂਜ਼ ਸ਼ਾਮਲ ਹੈ, ਜਿਨ੍ਹਾਂ ਵਿੱਚ ਸਾਇਟ ਤੇ ਚੌਕੀਦਾਰੀ ਦੇ ਸਮਰਥਨ, ਸੰਪਰਦਾਇਕ ਸੁਵਿਧਾਵਾਂ ਅਤੇ ਕਾਲ ਪ੍ਰਣਾਲੀਆਂ ਵਾਲੀ ਰਿਹਾਇਸ਼ ਦੇ 30 ਜਾਂ 40 ਸਵੈ-ਸੰਮਿਲਤ ਇਕਾਈਆਂ ਵਾਲੇ ਪਨਾਹ ਵਾਲੇ ਘਰ; ਬੇਘਰ ਹੋਸਟਲ; ਸਮੂਹਕ ਘਰ ਜਿੱਥੇ ਲੋਕ ਨਿਵਾਸੀਆਂ ਜਾਂ ਦੌਰਾ ਕਰਨ ਵਾਲੇ ਘਰੇਲੂ ਸਮਰਥਨ ਕਾਰਜਕਰਤਾਵਾਂ ਦੁਆਰਾ ਸਮਰਥਤ ਰਿਹਾਇਸ਼ ਨੂੰ ਸਾਂਝਾ ਕਰਦੇ ਹਨ; ਫਲੋਟਿੰਗ (ਲਚੀਲੇ) ਸਮਰਥਨ ਵਾਲੇ ਵਿਅਕਤੀਗਤ ਬਿਖਰੇ ਜਾਂ ਕਲਸਟਰ ਆਵਾਸ; ਅਤੇ ਪਦਾਰਥ ਦੀ ਮਾੜੀ ਵਰਤੋਂ ਦੀਆਂ ਸਮੱਸਿਆਵਾਂ ਵਾਲੇ ਲੋਕਾਂ ਲਈ 'ਵੈਟ ਹਾਊਸਿਸ' ਸ਼ਾਮਲ ਹਨ।

ਫਿਲਹਾਲ, ਘਰੇਲੂ ਸਮਰਥਨ ਸੇਵਾਵਾਂ ਕਿਰਾਏਦਾਰੀ ਦੇ ਸਮਝੌਤੇ ਦੇ ਹਿੱਸੇ ਵਜੋਂ ਮਕਾਨ-ਮਾਲਕ ਦੁਆਰਾ ਪ੍ਰਦਾਨ ਕੀਤਾ ਜਾਂਦਾ ਹੈ ਜਾਂ ਪ੍ਰਮਾਣਤ ਕੀਤਾ ਜਾਂਦਾ ਹੈ। ਕੁਝ ਸੇਵਾਵਾਂ ਉਨ੍ਹਾਂ ਲੋਕਾਂ ਨੂੰ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਜੋ ਅਜਿਹੀ ਰਿਹਾਇਸ਼ ਵਿੱਚ ਰਹਿੰਦੇ ਹਨ ਜੋ ਕਿ ਉਨ੍ਹਾਂ ਦੀ ਕਿਰਾਏਦਾਰੀ ਦੇ ਸਮਝੌਤੇ ਦੇ ਨਿਯਮਾਂ ਦੇ ਤੈਹਤ ਸਥਾਨਕ ਅਧਿਕਾਰੀ ਦੇ ਨਾਲ ਪੰਜੀਕ੍ਰਿਤ ਹੈ। ਘਰੇਲੂ ਸਮਰਥਨ ਸੇਵਾਵਾਂ ਦੀ ਰੇਂਜ਼ ਲਗਭਗ ਇੱਕ ਘੰਟੇ ਇੱਕ ਹਫਤੇ ਤੋਂ 24-ਘੰਟੇ ਰਿਹਾਇਸ਼ੀ ਸਮਰਥਨ ਤਕ ਦੀ ਹੋ ਸਕਦੀ ਹੈ।

## ਘਰੇਲੂ ਸਮਰਥਨ ਕੀ ਹੁੰਦਾ ਹੈ ?

ਘਰੇਲੂ ਸਮਰਥਨ ਸੇਵਾਵਾਂ ਸਮੁਦਾਏ ਵਿੱਚ ਜਿੰਨਾਂ ਜ਼ਿਆਦਾ ਸੰਭਵ ਹੋ ਸਕੇ ਸੁਤੰਤਰ ਤੌਰ ਤੇ ਰਹਿਣ ਵਿੱਚ ਲੋਕਾਂ ਦੀ ਮਦਦ ਕਰਦੀਆਂ ਹਨ। ਉਨ੍ਹਾਂ ਨੂੰ ਜਾਂ ਤੇ ਤੁਹਾਡੇ ਖੁਦ ਦੇ ਘਰ ਵਿੱਚ ਜਾਂ ਫੇਰ ਅਜਿਹੀ ਰਿਹਾਇਸ਼ ਵਿੱਚ ਪ੍ਰਦਾਨ ਕੀਤਾ ਜਾ ਸਕਦਾ ਹੈ ਜਿਵੇਂ ਕਿ ਪਨਾਹ ਵਾਲੇ ਘਰ ਜਾਂ ਬੇਘਰ ਲੋਕਾਂ ਲਈ ਹੋਸਟਲ। ਘਰੇਲੂ ਸਮਰਥਨ ਸੇਵਾਵਾਂ ਵੱਖ-ਵੱਖ ਤਰੀਕਿਆਂ ਵਿੱਚ ਉਨ੍ਹਾਂ ਦੇ ਘਰ ਦਾ ਪ੍ਰਬੰਧਨ ਕਰਨ ਵਿੱਚ ਲੋਕਾਂ ਦੀ ਮਦਦ ਕਰਦੀਆਂ ਹਨ। ਇਨ੍ਹਾਂ ਵਿੱਚ ਕਲਿਆਣ ਸਬੰਧੀ ਫਾਇਦਿਆਂ ਦਾ ਦਾਅਵਾ ਕਰਨ, ਫਾਰਮਾਂ ਨੂੰ ਭਰਨ, ਘਰ ਦੇ ਬਜਟ ਦਾ ਪ੍ਰਬੰਧਨ ਕਰਨ, ਸੁਰੱਖਿਅਤ ਰੱਖਣ, ਹੋਰ ਮਾਹਰ ਸੇਵਾਵਾਂ ਤੋਂ ਮਦਦ ਪ੍ਰਾਪਤ ਕਰਨ, ਫਰਨੀਚਰ ਅਤੇ ਹੋਰ ਸਮਾਨ ਪ੍ਰਾਪਤ ਕਰਨ ਵਿੱਚ ਮਦਦ ਕਰਨਾ, ਅਤੇ ਖਰੀਦਦਾਰੀ ਅਤੇ ਘਰ ਦੇ ਕੰਮ ਵਿੱਚ ਮਦਦ ਕਰਨਾ ਸ਼ਾਮਲ ਹੈ। ਸਮਰਥਨ ਦੇ ਉਸ ਪ੍ਰਕਾਰ ਦਾ ਉਦੇਸ਼, ਜੋ ਕਿ ਪ੍ਰਦਾਨ ਕੀਤਾ ਜਾਂਦਾ ਹੈ, ਕਿਸੇ ਵਿਅਕਤੀ ਦੀਆਂ ਖਾਸ ਲੋੜਾਂ ਨੂੰ ਪੂਰਾ ਕਰਨਾ ਹੋਵੇਗਾ।

## ਨਵਾਂ ਵਿਧਾਨਕ ਢਾਂਚਾ

ਸਕੋਟਿਸ਼ ਸਰਕਾਰ ਨੇ ਨਵੀਂ ਨਿਤੀ ਅਤੇ ਫੰਡਿੰਗ ਢਾਂਚੇ ਦੀ ਪੇਸ਼ਕਸ਼ ਕੀਤੀ ਹੈ ਜੋ ਪਹਿਲੀ ਵਾਰੀ, ਘਰੇਲੂ ਸਮਰਥਨ ਸੇਵਾਵਾਂ ਦੇ ਅਧਿਨਿਯਮ ਨੂੰ ਵੀ ਕਵਰ ਕਰਦਾ ਹੈ। ਹਾਊਸਿੰਗ (ਸਕੋਟਲੈਂਡ) ਐਕਟ 2001 ਦੀ ਧਾਰਾ 91(8) ਸਥਾਨਕ ਅਧਿਕਾਰੀਆਂ ਨੂੰ ਉਨ੍ਹਾਂ ਘਰੇਲੂ ਸਮਰਥਨ ਸੇਵਾਵਾਂ ਨੂੰ ਵਿੱਤੀ ਸਮਰਥਨ ਪ੍ਰਦਾਨ ਕਰਨ ਦੀ ਤਾਕਤ ਦਿੰਦੀ ਹੈ ਜਿਸ ਨੂੰ ਕਿਸੇ ਵਿਅਕਤੀ ਦੇ ਏਕਲ ਜਾਂ ਮੁੱਖ ਨਿਵਾਸ ਲਈ ਪ੍ਰਦਾਨ ਕੀਤਾ ਜਾਂਦਾ ਹੈ। ਇਸ ਤੋਂ ਭਾਵ ਹੈ ਕਿ ਮਾਲਕ ਦੇ ਕਬਜ਼ੇ ਵਾਲੇ ਨਿਵਾਸ ਵਿੱਚ ਰਹਿਣ ਵਾਲੇ ਲੋਕ ਵੀ ਪਾੱਤਰ ਹੋਣਗੇ। ਉਨ੍ਹਾਂ ਨਿਯਾਮਕਾਂ ਵਿੱਚ ਘਰੇਲੂ ਸਮਰਥਨ ਸੇਵਾਵਾਂ ਦੀ ਵਿਸਤ੍ਰਿਤ ਪਰਿਭਾਸ਼ਾਵਾਂ ਸ਼ਾਮਲ ਹੋਣਗੀਆਂ ਜਿਨ੍ਹਾਂ ਨੂੰ ਹਾਊਸਿੰਗ ਐਕਟ ਪ੍ਰਿਸਕ੍ਰਾਇਬਡ ਹਾਊਸਿੰਗ ਸਪੋਰਟ ਸਰਵਿਸਿਜ਼ ਐੱਸਐੱਸਆਈ 444/2002 ਦੀ ਇਸ ਧਾਰਾ ਦੇ ਤੈਹਤ ਕੀਤਾ ਜਾਂਦਾ ਹੈ। ਰੈਗੁਲੇਸ਼ਨ ਆਫ ਕੇਅਰ (ਸਕੋਟਲੈਂਡ) ਐਕਟ 2001 ਦੀ ਧਾਰਾ 2 (27) ਨੂੰ ਇਨ੍ਹਾਂ ਸੇਵਾਵਾਂ ਦੇ ਅਧਿਨਿਯਮ ਲਈ ਪ੍ਰਦਾਨ ਕੀਤਾ ਜਾਂਦਾ ਹੈ।

## ਰਾਸ਼ਟਰੀ ਦੇਖਭਾਲ ਮਾਨਕ

ਸਕੋਟਿਸ਼ ਮੰਤਰੀ ਰਾਸ਼ਟਰੀ ਮਾਨਕਾਂ ਨੂੰ ਵਿਕਸਤ ਕਰਨ ਲਈ ਨੈਸ਼ਨਲ ਕੇਅਰ ਸਟੈਂਡਰਡਸ ਕਮੇਟੀ (ਐੱਨਸੀਐੱਸਸੀ) ਦੀ ਸਥਾਪਨਾ ਕਰਦੇ ਹਨ। ਐੱਨਸੀਐੱਸਸੀ ਨੇ ਕਈ ਕੰਮਕਾਜੀ ਸਮੂਹਾਂ ਦੀ ਮਦਦ ਨਾਲ ਇਸ ਕੰਮ ਨੂੰ ਕੀਤਾ। ਇਨ੍ਹਾਂ ਸਮੂਹਾਂ ਵਿੱਚ ਸਟਾਫ, ਪੇਸ਼ੇਵਰ ਐਸੋਸਿਏਸ਼ਨਾਂ, ਸਿਹਤ ਅਤੇ ਸਮਾਜਕ ਦੇਖਭਾਲ ਵਲੋਂ ਨਿਯਾਮਕਾਂ, ਸਥਾਨਕ ਅਧਿਕਾਰੀਆਂ, ਸਿਹਤ ਸਬੰਧੀ ਬੋਰਡਾਂ ਅਤੇ ਸੁਤੰਤਰ ਪ੍ਰਦਾਤਾਵਾਂ ਦੇ ਨਾਲ-ਨਾਲ, ਉਹ ਲੋਕ, ਜੋ ਇਨ੍ਹਾਂ ਸੇਵਾਵਾਂ ਦੀ ਵਰਤੋਂ ਕਰਦੇ ਹਨ, ਉਨ੍ਹਾਂ ਦੇ ਪਰਿਵਾਰ ਅਤੇ ਦੇਖਭਾਲ ਕਰਨ ਵਾਲੇ ਸ਼ਾਮਲ ਹਨ। ਕਈ ਹੋਰ ਲੋਕਾਂ ਨੂੰ ਵੀ ਮਸ਼ਵਰੇ ਦੀ ਪਰਕਿਰਿਆ ਵਿੱਚ ਸ਼ਾਮਲ ਕੀਤਾ ਗਿਆ ਸੀ।

ਸਿੱਟੇ ਵਜੋਂ, ਮਾਨਕਾਂ ਨੂੰ ਉਨ੍ਹਾਂ ਲੋਕਾਂ ਦੇ ਦ੍ਰਿਸ਼ਟੀਕੋਣ ਤੋਂ ਵਿਕਸਤ ਕੀਤਾ ਗਿਆ ਹੈ ਜੋ ਸੇਵਾਵਾਂ ਦੀ ਵਰਤੋਂ ਕਰਦੇ ਹਨ। ਉਹ ਵਿਆਖਿਆ ਕਰਦੇ ਹਨ ਕਿ ਹਰ ਵਿਅਕਤੀ ਸੇਵਾ ਪ੍ਰਦਾਤਾ ਤੋਂ ਕੀ ਉਮੀਦ ਕਰ ਸਕਦਾ ਹੈ। ਉਹ ਉਸ ਜੀਵਨ ਦੀ ਗੁਣਵੱਤਾ ਤੇ ਧਿਆਨ ਕੇਂਦ੍ਰਿਤ ਕਰਦੇ ਹਨ ਜਿਸ ਨੂੰ ਸੇਵਾ ਦੀ ਵਰਤੋਂ ਕਰਨ ਵਾਲਾ ਵਿਅਕਤੀ ਅਸਲ ਵਿੱਚ ਅਨੁਭਵ ਕਰਦਾ ਹੈ।

ਮਾਨਕਾਂ ਨੂੰ ਉਨ੍ਹਾਂ ਸ਼ੀਰਸ਼ਕਾਂ ਦੇ ਤੈਹਤ ਸਮੂਹ ਵਿੱਚ ਵੰਡਿਆ ਗਿਆ ਹੈ ਜੋ ਸੇਵਾ ਦੇ ਦੌਰਾਨ ਵਿਅਕਤੀ ਦੇ ਸਫਰ ਦੀ ਨਿਗਰਾਨੀ ਕਰਦੇ ਹਨ। ਇਨ੍ਹਾਂ ਨੂੰ ਹੇਠਾਂ ਦਿੱਤਾ ਗਿਆ ਹੈ।

## ਸੇਵਾ ਦੀ ਵਰਤੋਂ ਕਰਨ ਤੋਂ ਪਹਿਲਾਂ (ਮਾਨਕ 1 ਤੋਂ 4)

1 ਸੂਚਿਤ ਕਰਨਾ ਅਤੇ ਫੈਸਲਾ ਕਰਨਾ
2 ਤੁਹਾਡੇ ਕਨੂੰਨੀ ਅਧਿਕਾਰ
3 ਪ੍ਰਬੰਧਨ ਅਤੇ ਸਟਾਫ ਦੇ ਆਯੋਜਨ
4 ਘਰੇਲੂ ਸਮਰਥਨ ਦੀ ਯੋਜਨਾ ਕਰਨਾ

## ਸੇਵਾ ਦੀ ਵਰਤੋਂ ਕਰਨਾ (ਮਾਨਕ 5 ਤੋਂ 8)

5 ਜੀਵਨਸ਼ੈਲੀ – ਸਮਾਜਕ, ਸੱਭਿਆਚਾਰਕ ਅਤੇ ਧਾਰਮਕ ਵਿਸ਼ਵਾਸ ਜਾਂ ਮਾਨਤਾ
6 ਪਸੰਦ ਅਤੇ ਸੰਚਾਰ
7 ਆਪਣੇ ਅਧਿਕਾਰਾਂ ਦੀ ਵਰਤੋਂ ਕਰਨਾ
8 ਆਪਣੇ ਵਿਚਾਰਾਂ ਨੂੰ ਪ੍ਰਕਟ ਕਰਨਾ

## ਸੇਵਾ ਨੂੰ ਛੱਡਣ ਜਾਂ ਸਮਾਪਤ ਕਰਨ ਦੀ ਚੋਣ ਕਰਨਾ (ਮਾਨਕ 9)

9 ਸੇਵਾ ਨੂੰ ਛੱਡਣ ਜਾਂ ਸਮਾਪਤ ਕਰਨ ਦੀ ਚੋਣ ਕਰਨਾ

## ਰਾਸ਼ਟਰੀ ਦੇਖਭਾਲ ਮਾਨਕਾਂ ਦੀ ਵਰਤੋਂ ਕਰਨਾ

ਜੇ ਤੁਸੀਂ ਘਰੇਲੂ ਸਮਰਥਨ ਸੇਵਾਵਾਂ ਦੀ ਵਰਤੋਂ ਕਰਨ ਬਾਰੇ ਸੋਚ ਰਹੇ ਹੋ, ਤਾਂ ਤੁਹਾਡੀ ਫੈਸਲਾ ਕਰਨ ਵਿੱਚ ਆਪਣੀ ਮਦਦ ਕਰਨ ਲਈ ਮਾਨਕਾਂ ਨੂੰ ਦੇਖਣ ਦੀ ਇੱਛਾ ਹੋਵੇਗੀ। ਤੁਸੀਂ ਹੇਠਾਂ ਦੇ ਨਾਲ ਮਾਨਕਾਂ ਬਾਰੇ ਚਰਚਾ ਕਰਨ ਦੀ ਇੱਛਾ ਕਰ ਸਕਦੇ ਹੋ:

- ਤੁਹਾਡਾ ਸਮਾਜਕ ਕਾਰਜ–ਕਰਤਾ ਜਾਂ ਦੇਖਭਾਲ ਪ੍ਰਬੰਧਨ, ਜੇ ਤੁਹਾਡਾ ਕੋਈ ਹੈ; ਜਾਂ
- ਤੁਹਾਡੇ ਵਲੋਂ ਕਿਰਿਆ ਕਰਨ ਵਾਲਾ ਕੋਈ ਹੋਰ ਵਿਅਕਤੀ, ਉਦਾਹਰਨ ਲਈ, ਤੁਹਾਡਾ ਵਕੀਲ ਜਾਂ ਹੋਰ ਸੁਤੰਤਰ ਨੁਮਾਇੰਦਾ

ਜੇ ਗੱਲਾਂ ਗਲਤ ਹੋ ਜਾਂਦੀਆਂ ਹਨ, ਤਾਂ ਤੁਸੀਂ ਚਿੰਤਾਵਾਂ ਨੂੰ ਵਿਅਕਤ ਕਰਨ ਜਾਂ ਸ਼ਿਕਾਇਤ ਕਰਨ ਵਿੱਚ ਆਪਣੀ ਮਦਦ ਕਰਨ ਲਈ ਮਾਨਕਾਂ ਨੂੰ ਦੇਖ ਸਕਦੇ ਹੋ। (‘ਆਪਣੇ ਵਿਚਾਰਾਂ ਨੂੰ ਵਿਅਕਤ ਕਰਨਾ’ ਨੂੰ ਦੇਖੋ, ਮਾਨਕ 8।)

ਪ੍ਰਦਾਤਾ ਇਹ ਪਤਾ ਲਗਾਉਣ ਲਈ ਮਾਨਕਾਂ ਦੀ ਵਰਤੋਂ ਕਰਣਗੇ ਕਿ ਘਰੇਲੂ ਸਮਰਥਨ ਸੇਵਾਵਾਂ ਦੀ ਪੇਸ਼ਕਸ਼ ਕਰਨ ਵਿੱਚ ਉਨ੍ਹਾਂ ਤੋਂ ਕੀ ਉਮੀਦ ਕੀਤੀ ਜਾਂਦੀ ਹੈ। ਮਾਨਕ ਇਹ ਸਪਸ਼ਟ ਕਰਦੇ ਹਨ ਕਿ ਸੇਵਾ ਬਾਰੇ ਹਰ ਇੱਕ ਗੱਲ ਨੂੰ ਚੰਗੀ ਜੀਵਨ ਦੀ ਗੁਣਵੱਤਾ ਦਾ ਆਨੰਦ ਲੈਣ ਦੀ ਤੁਹਾਡੀ ਅਗਵਾਈ ਕਰਨੀ ਚਾਹੀਦੀ ਹੈ। ਉਨ੍ਹਾਂ ਨੂੰ ਇਸ ਤੇ ਮਾਲਕ ਜਾਂ ਪ੍ਰਬੰਧਕ ਨੂੰ ਨਿਰਦੇਸ਼ ਦੇਣੇ ਚਾਹੀਦੇ ਹਨ ਕਿ ਕਿਸ ਨੂੰ ਨਿਯੁਕਤ ਕਰਨਾ ਹੈ ਅਤੇ ਉਨ੍ਹਾਂ ਨੂੰ ਸੇਵਾ ਦਾ ਪ੍ਰਬੰਧਨ ਕਿਵੇਂ ਕਰਨਾ ਚਾਹੀਦਾ ਹੈ। ਬਹੁਤ ਹੀ ਘੱਟ

ਮਾਮਲਿਆਂ ਵਿੱਚ, ਲੋਕਾਂ ਨੂੰ ਮੈਂਟਲ ਹੈਲਥ (ਸਕੌਟਲੈਂਡ) ਐਕਟ 1984 ਜਾਂ ਅਡਲਟ ਵਿਦ ਇਨਕੈਪੈਸਿਟੀ (ਸਕੌਟਲੈਂਡ) ਐਕਟ 2000 ਦੇ ਤੈਹਤ ਲਾਜ਼ਮੀ ਆਦੇਸ਼ਾਂ ਦੇ ਅਧੀਨ ਕੀਤਾ ਜਾ ਸਕਦਾ ਹੈ। ਇਹ ਆਦੇਸ਼ ਉਸ ਤਰੀਕੇ ਨੂੰ ਪ੍ਰਭਾਵਿਤ ਕਰ ਸਕਦੇ ਹਨ ਜਿਸ ਤਰ੍ਹਾਂ ਕੁਝ ਮਾਨਕਾਂ ਨੂੰ ਪ੍ਰਦਾਨ ਕੀਤਾ ਜਾਂਦਾ ਹੈ। ਜੇ ਇਹ ਤੁਹਾਨੂੰ ਪ੍ਰਭਾਵਿਤ ਕਰਦਾ ਹੈ, ਤਾਂ ਫੇਰ ਉਨ੍ਹਾਂ ਮਾਨਕਾਂ ਵਿੱਚ ਕੋਈ ਵੀ ਅਜਿਹੀ ਗੱਲ ਜੋ ਕਿ ਅਲੱਗ ਹੋਣੀ ਚਾਹੀਦੀ ਹੈ, ਅਤੇ ਉਸ ਅੰਤਰ ਲਈ ਕਨੂੰਨੀ ਕਾਰਨਾਂ ਨੂੰ ਤੁਹਾਡੀ ਵਿਅਕਤੀਗਤ ਯੋਜਨਾ ਵਿੱਚ ਦਰਸ਼ਾਇਆ ਜਾਵੇਗਾ। ਇਹ ਵਰਤਮਾਨ ਕਨੂੰਨ ਦੇ ਸਿਧਾਂਤਾਂ ਅਤੇ ਕਨੂੰਨੀ ਲੋੜਾਂ ਦੇ ਸਮਾਨ ਹੋਵੇਗਾ।

## ਮਾਨਕਾਂ ਦੇ ਪਿੱਛੇ ਸਿਧਾਂਤ

ਮਾਨਕ ਸਿਧਾਂਤਾਂ ਦੇ ਸੈਟ ਤੇ ਅਧਾਰਤ ਹਨ। ਸਿਧਾਂਤ ਖੁਦ ਮਾਨਕ ਨਹੀਂ ਹਨ ਪਰ ਇਹ ਉਨ੍ਹਾਂ ਮਾਨਤਾ-ਪ੍ਰਾਪਤ ਅਧਿਕਾਰਾਂ ਨੂੰ ਪ੍ਰਤੀਬਿੰਬ ਕਰਦੇ ਹਨ ਜਿਨ੍ਹਾਂ ਦਾ ਤੁਸੀਂ ਇੱਕ ਨਾਗਰਕ ਵਜੋਂ ਆਨੰਦ ਲੈਂਦੇ ਹੋ। ਇਹ ਸਿਧਾਂਤ ਐੱਨਸੀਐੱਸਸੀ, ਇਸ ਦੇ ਕੰਮਕਾਜੀ ਸਮੂਹਾਂ ਅਤੇ ਉਸ ਹਰ ਵਿਅਕਤੀ ਦੁਆਰਾ, ਜਿਸ ਨੇ ਮਾਨਕਾਂ ਤੇ ਮਸ਼ਵਰੇ ਦੇ ਪ੍ਰਤੀ ਪ੍ਰਤੀਕਿਰਿਆ ਕੀਤੀ ਕਿਉਂਕਿ ਉਨ੍ਹਾਂ ਨੂੰ ਲਿੱਖਿਆ ਜਾ ਰਿਹਾ ਸੀ, ਕੀਤੇ ਸਾਰੇ ਯੋਗਦਾਨਾਂ ਦਾ ਸਿੱਟਾ ਹਨ। ਉਹ ਸਵੀਕਾਰ ਕਰਦੇ ਹਨ ਕਿ ਸੇਵਾਵਾਂ ਦਾ ਕਾਲੇ ਅਤੇ ਜਾਤੀ ਅਲਪਸੰਖਿਅਕ ਸਮੁਦਾਇਆਂ ਵਾਲੇ ਲੋਕਾਂ ਸਮੇਤ, ਉਸ ਹਰ ਵਿਅਕਤੀ ਲਈ ਪਹੁੰਚਯੋਗ ਅਤੇ ਉੱਚਿਤ ਹੋਣਾ ਲਾਜ਼ਮੀ ਹੈ ਜਿਨ੍ਹਾਂ ਨੂੰ ਵੀ ਉਨ੍ਹਾਂ ਦੀ ਲੋੜ ਹੁੰਦੀ ਹੈ। ਉਹ ਇੱਕ ਅਜਿਹੇ ਜਬਰਦਸਤ ਸਮਝੌਤੇ ਨੂੰ ਦਰਸ਼ਾਉਂਦੇ ਹਨ ਕਿ ਸੇਵਾਵਾਂ ਨੂੰ ਪ੍ਰਾਪਤ ਕਰਨ ਦਾ ਤੁਹਾਡਾ ਅਨੁਭਵ ਬਹੁਤ ਮਹੱਤਵਪੂਰਨ ਹੈ ਅਤੇ ਇਹ ਸਕਾਰਾਤਮਕ ਹੋਣਾ ਚਾਹੀਦਾ ਹੈ, ਅਤੇ ਇਹ ਕਿ ਤੁਹਾਡੇ ਕੋਲ ਇਸ ਦੇ ਅਧਿਕਾਰ ਹਨ।

## ਮੁੱਖ ਸਿਧਾਂਤ

ਸਿਧਾਂਤ ਪ੍ਰਤਿਸ਼ਠਾ, ਨਿਜਤਾ, ਵਿਕਲਪ, ਸੁਰੱਖਿਆ, ਅਹਿਸਾਸ ਦੀ ਸੰਭਾਵਨਾ ਅਤੇ ਸਮਾਨਤਾ ਅਤੇ ਵਿਵਿਧਤਾ ਹਨ।

### ਪ੍ਰਤਿਸ਼ਠਾ

**ਹੇਠਾਂ ਲਈ ਤੁਹਾਡਾ ਅਧਿਕਾਰ:**

- ਹਰ ਵੇਲੇ ਪ੍ਰਤਿਸ਼ਠਾ ਅਤੇ ਸਤਿਕਾਰ ਨਾਲ ਵਿਹਾਰ ਕੀਤਾ ਜਾਣਾ; ਅਤੇ
- ਸਮਾਜਕ ਸਬੰਧਾਂ ਦੀ ਪੂਰੀ ਰੇਂਜ਼ ਦਾ ਆਨੰਦ ਲੈਣਾ।

### ਨਿਜਤਾ

**ਹੇਠਾਂ ਲਈ ਤੁਹਾਡਾ ਅਧਿਕਾਰ:**

- ਤੁਹਾਡੀ ਨਿਜਤਾ ਅਤੇ ਸੰਪੱਤੀ ਦਾ ਸਤਿਕਾਰ ਕੀਤਾ ਜਾਣਾ, ਅਤੇ ਉਸ ਸਮੇਂ, ਗੁੱਪਤਤਾ ਅਤੇ ਸੁਵਿਧਾਵਾਂ ਨੂੰ ਪ੍ਰਾਪਤ ਕਰਨ ਲਈ ਤੁਹਾਡਾ ਅਧਿਕਾਰ ਜਿਨ੍ਹਾਂ ਦੀ ਤੁਹਾਨੂੰ ਲੋੜ ਹੁੰਦੀ ਹੈ ਅਤੇ ਤੁਹਾਡੀ ਇੱਛਾ ਹੁੰਦੀ ਹੈ; ਅਤੇ
- ਉੰਨੀ ਦੇਰ ਤਕ ਦਖਲ ਤੋਂ ਮੁਕਤ ਹੋਣਾ ਜਦੋਂ ਤਕ ਇਹ ਤੁਹਾਡੇ ਅਤੇ ਬਾਕੀ ਹਰ ਕਿਸੇ ਲਈ ਸੁਰੱਖਿਅਤ ਹੁੰਦਾ ਹੈ।

## ਵਿਕਲਪ

**ਹੇਠਾਂ ਲਈ ਤੁਹਾਡਾ ਅਧਿਕਾਰ:**

- ਉਸੇ ਨੂੰ ਕਰਨ ਲਈ ਹੋਰ ਲੋਕਾਂ ਦੇ ਅਧਿਕਾਰਾਂ ਨੂੰ ਮਾਨਤਾ ਦੇਣ ਵੇਲੇ, ਸੂਚਿਤ ਫੈਸਲੇ ਕਰਨਾ;
- ਵਿਕਲਪਾਂ ਦੀ ਰੇਂਜ਼ ਬਾਰੇ ਜਾਣਨਾ; ਅਤੇ
- ਸਾਰੇ ਵਿਕਲਪਾਂ ਨੂੰ ਪੂਰੀ ਤਰ੍ਹਾਂ ਸਮਝਣ ਅਤੇ ਉਸ ਦੀ ਚੋਣ ਕਰਨ ਵਿੱਚ ਮਦਦ ਪ੍ਰਾਪਤ ਕਰਨਾ ਜੋ ਕਿ ਤੁਹਾਡੇ ਲਈ ਸਹੀ ਹੈ।

## ਸੁਰੱਖਿਆ

**ਹੇਠਾਂ ਲਈ ਤੁਹਾਡਾ ਅਧਿਕਾਰ:**

- ਸਿਹਤ ਅਤੇ ਕਲਿਆਣ ਸਮੇਤ, ਜ਼ਿੰਦਗੀ ਦੇ ਸਾਰੇ ਪੈਹਲੂਆਂ ਵਿੱਚ ਸੁਰੱਖਿਅਤ ਮਹਿਸੂਸ ਕਰਨਾ;
- ਸੁਰੱਖਿਆ ਦਾ ਆਨੰਦ ਲੈਣਾ ਪਰ ਲੋੜ ਤੋਂ ਜ਼ਿਆਦਾ ਰੱਖਿਅਕ ਨਾ ਹੋਣਾ; ਅਤੇ
- ਸ਼ੋਸ਼ਣ ਅਤੇ ਦੁਰਵਰਤੋਂ ਤੋਂ ਮੁਕਤ ਹੋਣਾ।

## ਅਹਿਸਾਸ ਦੀ ਸੰਭਾਵਨਾ

**ਹੇਠਾਂ ਲਈ ਅਵਸਰ ਹੋਣ ਦਾ ਤੁਹਾਡਾ ਅਧਿਕਾਰ:**

- ਉਸ ਸਾਰੇ ਨੂੰ ਹਾਸਲ ਕਰਨਾ ਜੋ ਕਿ ਤੁਸੀਂ ਕਰ ਸਕਦੇ ਹੋ;
- ਉਨ੍ਹਾਂ ਸਰੋਤਾਂ ਦੀ ਪੂਰੀ ਤਰ੍ਹਾਂ ਵਰਤੋਂ ਕਰਨਾ ਜੋ ਕਿ ਤੁਹਾਡੇ ਲਈ ਉਪਲਬਧ ਹਨ; ਅਤੇ
- ਆਪਣੀ ਜ਼ਿੰਦਗੀ ਦਾ ਵਧ ਤੋਂ ਵਧ ਫਾਇਦਾ ਚੁੱਕਣਾ।

## ਸਮਾਨਤਾ ਅਤੇ ਵਿਵਿਧਤਾ

**ਹੇਠਾਂ ਲਈ ਤੁਹਾਡਾ ਅਧਿਕਾਰ:**

- ਸੁਤੰਤਰ ਜੀਵਨ ਜਿਉਣਾ, ਉਦੇਸ਼ ਵਿੱਚ ਭਰਪੂਰ, ਭਾਵ ਅਤੇ ਵਿਅਕਤੀਗਤ ਉਪਲਬਧੀ;
- ਆਪਣੇ ਨੈਤਿਕ ਪਿਛੋਕੜ, ਭਾਸ਼ਾ, ਸੱਭਿਆਚਾਰ ਅਤੇ ਵਿਸ਼ਵਾਸ ਦਾ ਸਤਿਕਾਰ ਕਰਨਾ;
- ਬਰਾਬਰੀ ਨਾਲ ਵਿਹਾਰ ਕੀਤਾ ਜਾਣਾ ਅਤੇ ਅਜਿਹੇ ਮਾਹੌਲ ਵਿੱਚ ਜਿਉਣਾ ਜੋ ਕਿ ਬਦਮਾਸ਼ੀ, ਸ਼ੋਸ਼ਣ ਅਤੇ ਭੇਦਭਾਵ ਤੋਂ ਮੁਕਤ ਹੈ; ਅਤੇ
- ਤੰਗ ਕਰਨ ਦੇ ਡਰ ਤੋਂ ਬਿਨਾਂ ਪ੍ਰਭਾਵਸ਼ਾਲੀ ਢੰਗ ਨਾਲ ਸ਼ਿਕਾਇਤ ਕਰਨ ਦੇ ਯੋਗ ਹੋਣਾ।

## ਦੇਖਭਾਲ ਦੇ ਨਿਯਾਮਕ ਲਈ ਸਕੌਟਿਸ਼ ਕਮਿਸ਼ਨ

ਰੈਗੁਲੇਸ਼ਨ ਆਫ ਕੇਅਰ (ਸਕੌਟਲੈਂਡ) ਐਕਟ 2001 ('ਐਕਟ') ਕੇਅਰ ਕਮਿਸ਼ਨ ਦੀ ਸਥਾਪਨਾ ਕਰਦਾ ਹੈ, ਜੋ ਸਕੌਟਿਸ਼ ਮੰਤਰੀਆਂ ਦੁਆਰਾ ਜਾਰੀ ਕੀਤੇ ਰਾਸ਼ਟਰੀ ਦੇਖਭਾਲ ਦੇ ਮਾਨਕਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਐਕਟ ਦੇ ਤੈਹਤ ਆਉਣ ਵਾਲੀਆਂ ਸਾਰੀਆਂ ਸੇਵਾਵਾਂ ਦਾ ਪੰਜੀਕਰਨ ਕਰਦੇ ਹਨ ਅਤੇ ਜਾਂਚ ਕਰਦੇ ਹਨ। ਕੇਅਰ ਕਮਿਸ਼ਨ ਦੇ ਦੇਸ਼ ਭਰ ਵਿੱਚ ਖੇਤਰੀ ਦਫਤਰਾਂ ਦੇ ਨਾਲ, ਡੰਡੀ ਵਿੱਚ ਇਸ ਦੇ ਮੁਖ-ਦਫਤਰ ਹਨ। ਇਹ ਉਨ੍ਹਾਂ ਲੋਕਾਂ ਤੋਂ ਅਰਜ਼ੀਆਂ ਦਾ ਮੁਲਾਂਕਣ ਕਰੇਗਾ ਜੋ ਘਰੇਲੂ ਸਮਰਥਨ ਸੇਵਾਵਾਂ ਪ੍ਰਦਾਨ ਕਰਨਾ ਚਾਹੁੰਦੇ ਹਨ। ਇਹ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਸੇਵਾਵਾਂ ਦੀ ਜਾਂਚ ਕਰੇਗਾ ਕਿ ਉਹ ਨਿਯਾਮਕਾਂ ਨੂੰ ਪੂਰਾ ਕਰ ਰਹੇ ਹਨ ਅਤੇ ਅਜਿਹਾ ਕਰਨਾ ਰਾਸ਼ਟਰੀ ਦੇਖਭਾਲ ਮਾਨਕਾਂ ਨੂੰ ਧਿਆਨ ਵਿੱਚ ਰੱਖੇਗਾ। ਤੁਸੀਂ ਕੇਅਰ ਕਮਿਸ਼ਨ ਅਤੇ ਇਸ ਬਾਰੇ, ਕਿ ਇਹ ਕੀ ਕਰਦੀ ਹੈ, ਵਧੇਰੀ ਜਾਣਕਾਰੀ ਨੂੰ ਇਸ ਦੀ ਵੈੱਬਸਾਈਟ (www.carecommission.com) ਤੇ ਦੇਖ ਸਕਦੇ ਹੋ।

## ਸਕੌਟਿਸ਼ ਸਮਾਜਕ ਸੇਵਾਵਾਂ ਦੀ ਕੌਂਸਲ

ਐਕਟ ਨੇ ਸਕੌਟਿਸ਼ ਸਮਾਜਕ ਸੇਵਾਵਾਂ ਦੀ ਕੌਂਸਲ ਦੀ ਰਚਨਾ ਕੀਤੀ ('ਕੌਂਸਲ') ਜਿਸ ਦੀ 1 ਅਕਤੂਬਰ, 2001 ਵਿੱਚ ਸਥਾਪਨਾ ਕੀਤੀ ਗਈ ਸੀ। ਡੰਡੀ ਵਿੱਚ ਇਸ ਦੇ ਮੁੱਖ-ਦਫਤਰ ਵੀ ਹਨ। ਕੌਂਸਲ ਦਾ ਸਮਾਜਕ ਸੇਵਾਵਾਂ ਦੇ ਕਾਰਜ-ਕਰਤਾਵਾਂ ਦੇ ਵਿੱਚ ਸੰਚਾਲਨ ਅਤੇ ਕਾਰਜ-ਪ੍ਰਣਾਲੀ ਦੇ ਉੱਚ ਮਾਨਕਾਂ, ਅਤੇ ਉਨ੍ਹਾਂ ਦੀ ਸਿੱਖਿਆ ਅਤੇ ਸਿਖਲਾਈ ਦਾ ਪ੍ਰਚਾਰ ਕਰਨ ਦਾ ਕਰਤੱਵ ਹੈ। ਸੇਵਾ ਉਪਭੋਗਤਾਵਾਂ ਅਤੇ ਦੇਖਭਾਲ ਕਰਨ ਵਾਲਿਆਂ ਦੀ ਰੱਖਿਆ ਕਰਨ ਅਤੇ ਸਮਾਜਕ ਸੇਵਾਵਾਂ ਵਿੱਚ ਲੋਕਾਂ ਦੇ ਆਤਮ-ਵਿਸ਼ਵਾਸ ਨੂੰ ਸੁਰੱਖਿਅਤ ਕਰਨ ਦੇ ਇਸ ਦੇ ਸਮੁੱਚੇ ਉਦੇਸ਼ਾਂ ਨੂੰ ਪੂਰਾ ਕਰਨ ਲਈ, ਕੌਂਸਲ ਨੂੰ ਪੰਜ ਮੁੱਖ ਕਾਰਜ ਦਿੱਤੇ ਗਏ ਹਨ। ਇਹ ਹਨ: ਸਮਾਜਕ ਸੇਵਾਵਾਂ ਦੇ ਸਟਾਫ ਦੇ ਮੁੱਖ ਸਮੂਹਾਂ ਦੇ ਰਜਿਸਟਰਾਂ ਦੀ ਸਥਾਪਨਾ ਕਰਨਾ; ਸਾਰੇ ਸਮਾਜਕ ਸੇਵਾਵਾਂ ਦੇ ਸਟਾਫ ਅਤੇ ਉਨ੍ਹਾਂ ਦੇ ਮਾਲਕਾਂ ਲਈ ਕਾਰਜ-ਪ੍ਰਣਾਲੀ ਦੇ ਕੋਡਾਂ ਨੂੰ ਜਾਰੀ ਕਰਨਾ; ਪੰਜੀਕ੍ਰਿਤ ਕਾਰਜ-ਕਰਤਾਵਾਂ ਦੇ ਸੰਚਾਲਨ ਨੂੰ ਨਿਯੰਤ੍ਰਿਤ ਕਰਨਾ; ਕਰਮਚਾਰੀਆਂ ਦੀ ਸਿਖਲਾਈ ਅਤੇ ਸਿੱਖਿਆ ਨੂੰ ਨਿਯੰਤ੍ਰਿਤ ਕਰਨਾ; ਵਿਅਕਤੀਗਤ ਸਮਾਜਕ ਸੇਵਾਵਾਂ ਲਈ ਰਾਸ਼ਟਰੀ ਸਿਖਲਾਈ ਸੰਗਠਨ ਦੇ ਕਾਰਜਾਂ ਨੂੰ ਸ਼ੁਰੂ ਕਰਨਾ। ਕੌਂਸਲ ਨੇ ਸਮਾਜਕ ਸੇਵਾ ਦੇ ਕਾਰਜ-ਕਰਤਾਵਾਂ ਅਤੇ ਸਮਾਜਕ ਸੇਵਾ ਦੇ ਕਾਰਜਕਰਤਾਵਾਂ ਦੇ ਮਾਲਕਾਂ ਲਈ ਕਾਰਜ-ਪ੍ਰਣਾਲੀ ਦੇ ਕੋਡ ਜਾਰੀ ਕੀਤੇ ਹਨ। ਇਹ ਸੰਚਾਲਨ ਅਤੇ ਕਾਰਜ-ਪ੍ਰਣਾਲੀ ਦੇ ਮਾਨਕਾਂ ਦੀ ਵਿਆਖਿਆ ਕਰਦੇ ਹਨ ਜਿਨ੍ਹਾਂ ਦੇ ਅੰਦਰ ਉਨ੍ਹਾਂ ਨੂੰ ਕੰਮ ਕਰਨਾ ਚਾਹੀਦਾ ਹੈ। ਕੋਡਾਂ ਨੂੰ ਕੌਂਸਲ ਦੀ ਵੈਬਸਾਇਟ ਤੋਂ ਉਪਲਬਧ ਕਰਾਇਆ ਜਾਂਦਾ ਹੈ (www.sssc.uk.com) ।

## ਮਾਨਕ ਅਤੇ ਨਿਯਾਮਕ ਇਕੱਠੇ ਕਿਵੇਂ ਕੰਮ ਕਰਦੇ ਹਨ

ਐਕਟ ਸਕੌਟਿਸ਼ ਮੰਤਰੀਆਂ ਨੂੰ ਉਨ੍ਹਾਂ ਮਾਨਕਾਂ ਨੂੰ ਜਾਰੀ ਕਰਨ ਦੀ ਤਾਕਤ ਦਿੰਦਾ ਹੈ ਜਿਨ੍ਹਾਂ ਤੇ ਕੇਅਰ ਕਮਿਸ਼ਨ ਦਾ ਉਦੋਂ ਵਿਚਾਰ ਕਰਨਾ ਲਾਜ਼ਮੀ ਹੈ ਜਦੋਂ ਉਹ ਆਪਣੇ ਫੈਸਲੇ ਕਰ ਰਹੇ ਹੁੰਦੇ ਹਨ। ਇਹ ਸਕੌਟਿਸ਼ ਮੰਤਰੀਆਂ ਨੂੰ ਘਰੇਲੂ ਸਮਰਥਨ ਸੇਵਾਵਾਂ ਦੇ ਸਬੰਧ ਵਿੱਚ ਲੋੜਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਨਿਯਾਮਕਾਂ ਨੂੰ ਬਣਾਉਣ ਦੀ ਤਾਕਤ ਵੀ ਦਿੰਦੀ ਹੈ।

ਮਾਨਕਾਂ ਤੇ ਪੰਜੀਕਰਨ ਲਈ ਅਰਜ਼ੀਆਂ ਬਾਰੇ ਕੋਈ ਵੀ ਫੈਸਲਾ ਕਰਨ ਵਿੱਚ ਕੇਅਰ ਕਮਿਸ਼ਨ ਦੁਆਰਾ ਵਿਚਾਰ ਕੀਤਾ ਜਾਵੇਗਾ (ਉਸ ਸ਼ਰਤ ਨੂੰ ਘਟਾਉਣ-ਵਧਾਉਣ ਜਾਂ ਹਟਾਉਣ ਸਮੇਤ ਜਿਸ ਨੂੰ ਸੇਵਾ ਦੇ ਪੰਜੀਕਰਨ ਤੇ

ਗਿਆ ਹੋ ਸਕਦਾ ਹੈ)। ਸਾਰੇ ਪ੍ਰਦਾਤਾਵਾਂ ਦਾ ਉਦੋਂ ਕਾਰਜ ਅਤੇ ਉਦੇਸ਼ ਦੇ ਕਥਨ ਨੂੰ ਪ੍ਰਦਾਨ ਕਰਨਾ ਲਾਜ਼ਮੀ ਹੈ ਜਦੋਂ ਉਹ ਉਨ੍ਹਾਂ ਦੀ ਸੇਵਾ ਨੂੰ ਰਜਿਸਟਰ ਕਰਨ ਲਈ ਅਰਜ਼ੀ ਦੇ ਰਹੇ ਹੁੰਦੇ ਹਨ। ਉਸ ਕਥਨ ਦੇ ਅਧਾਰ ਤੇ, ਕੇਅਰ ਕਮਿਸ਼ਨ ਇਹ ਪਤਾ ਲਗਾਵੇਗੀ ਕਿ ਕਿਹੜੇ ਮਾਨਕ ਉਸ ਸੇਵਾ ਤੇ ਲਾਗੂ ਹੋਣਗੇ ਜਿਸ ਦੀ ਪ੍ਰਦਾਤਾ ਪੇਸ਼ਕਸ਼ ਕਰ ਰਿਹਾ ਹੈ।

ਮਾਨਕਾਂ ਦੀ ਸੇਵਾਵਾਂ ਦੀ ਗੁਣਵੱਤਾ ਅਤੇ ਐਕਟ ਅਤੇ ਨਿਯਾਮਕਾਂ ਦੇ ਉਨ੍ਹਾਂ ਦੇ ਅਨੁਪਾਲਣ ਦਾ ਨਿਰੀਖਣ ਕਰਨ ਲਈ ਵਰਤੋਂ ਕੀਤੀ ਜਾਵੇਗੀ। ਜੇ, ਜਾਂਚ ਤੇ, ਜਾਂ ਕਿਸੇ ਹੋਰ ਸਮੇਂ ਤੇ, ਉਦਾਹਰਨ ਲਈ, ਕੇਅਰ ਕਮਿਸ਼ਨ ਦੀ ਕਿਸੇ ਸ਼ਿਕਾਇਤ ਤੇ ਨਜ਼ਰ ਮਾਰਨ ਦੇ ਸਿੱਟੇ ਵਜੋਂ, ਸੇਵਾ ਬਾਰੇ ਕੋਈ ਚਿੰਤਾਵਾਂ ਹੁੰਦੀਆਂ ਹਨ, ਤਾਂ ਕੇਅਰ ਕਮਿਸ਼ਨ ਇਸ ਬਾਰੇ ਕਿਸੇ ਵੀ ਫੈਸਲੇ ਵਿੱਚ ਮਾਨਕਾਂ ਤੇ ਵਿਚਾਰ ਕਰੇਗੀ ਕਿ ਕੀ ਦਰਿੜ੍ਹੀਕਰਨ ਦੀ ਕਿਰਿਆ ਨੂੰ ਕਰਨਾ ਹੈ ਜਾਂ ਨਹੀਂ ਅਤੇ ਕਿਹੜੀ ਕਿਰਿਆ ਕਰਨੀ ਹੈ।

ਜੇ ਮਾਨਕਾਂ ਨੂੰ ਸੰਪੂਰਨ ਤੌਰ ਤੇ ਪੂਰਾ ਨਹੀਂ ਕੀਤਾ ਜਾ ਰਿਹਾ ਹੈ, ਤਾਂ ਕੇਅਰ ਕਮਿਸ਼ਨ ਜਾਂਚ ਰਿਪੋਰਟ ਵਿੱਚ ਇਸ ਨੂੰ ਸੂਚਿਤ ਕਰੇਗੀ ਅਤੇ ਇਸ ਦਾ ਸੰਬੋਧਨ ਕਰਨ ਲਈ ਸੇਵਾ ਪ੍ਰਬੰਧਕ ਦੀ ਲੋੜ ਹੋਵੇਗੀ। ਕੇਅਰ ਕਮਿਸ਼ਨ ਸੇਵਾ ਦੇ ਪੰਜੀਕਰਨ ਤੇ ਵਾਧੂ ਸ਼ਰਤ ਨੂੰ ਲਾਗੂ ਕਰ ਸਕਦੀ ਹੈ ਜੇ ਪ੍ਰਦਾਤਾ ਲਗਾਤਾਰ, ਕਾਫੀ ਜ਼ਿਆਦਾ ਵਾਰੀ ਜਾਂ ਗੰਭੀਰਤਾ ਨਾਲ ਮਾਨਕਾਂ ਨੂੰ ਪੂਰਾ ਕਰਨ ਵਿੱਚ ਵਿਫਲ ਹੋਇਆ ਸੀ ਜਾਂ ਉਸ ਨੇ ਨਿਯਾਮਕ ਦੀ ਉਲੰਘਣਾ ਕੀਤੀ ਸੀ। ਜੇ ਪ੍ਰਦਾਤਾ ਫੇਰ ਸ਼ਰਤ ਨੂੰ ਪੂਰਾ ਨਹੀਂ ਕਰਦਾ ਹੈ, ਤਾਂ ਕੇਅਰ ਕਮਿਸ਼ਨ ਕੀਤੇ ਜਾਣ ਵਾਲੇ ਲੋੜੀਂਦੇ ਸੁਧਾਰ ਅਤੇ ਇਸ ਲਈ ਸਮੇਂ ਦੀ ਸੀਮਾ ਦੀ ਵਿਆਖਿਆ ਕਰਨ ਵਾਲੇ ਸੁਧਾਰ ਦੇ ਨੋਟਿਸ ਨੂੰ ਜਾਰੀ ਕਰ ਸਕਦੀ ਹੈ। ਵਿਕਲਪਿਕ ਤੌਰ ਤੇ, ਕੇਅਰ ਕਮਿਸ਼ਨ ਸਿੱਧਾ ਸੁਧਾਰ ਨੋਟਿਸ ਵੱਲ ਵੀ ਵਧ ਸਕਦੀ ਹੈ। ਕੇਅਰ ਕਮਿਸ਼ਨ ਕਿਸੇ ਵੀ ਸੇਵਾ ਦੇ ਪੰਜੀਕਰਨ ਨੂੰ ਰੱਦ ਕਰਨ ਲਈ ਕਦਮ ਪੁੱਟੇਗੀ ਜੇ ਸੁਧਾਰ ਨੋਟਿਸ ਨਾਲ ਇੱਛਤ ਸਿੱਟਾ ਹਾਸਲ ਨਹੀਂ ਹੁੰਦਾ ਹੈ। ਜ਼ਿਆਦਾਤਰ ਮਾਮਲਿਆਂ ਵਿੱਚ (ਉਦਾਹਰਨ ਲਈ, ਜਿੱਥੇ ਕਿਸੇ ਵਿਅਕਤੀ ਦੇ ਜੀਵਨ, ਸਿਹਤ ਜਾਂ ਕਲਿਆਣ ਨੂੰ ਗੰਭੀਰ ਜੋਖਮ ਹੁੰਦਾ ਹੈ) ਕੇਅਰ ਕਮਿਸ਼ਨ ਸੁਧਾਰ ਨੋਟਿਸ ਨੂੰ ਜਾਰੀ ਕਰਨ ਤੋਂ ਬਿਨਾਂ ਕਿਸੇ ਵੀ ਸੇਵਾ ਦੇ ਪੰਜੀਕਰਨ ਨੂੰ ਰੱਦ ਕਰਨ ਦੇ ਤਤਕਾਲ ਕਦਮ ਚੁੱਕ ਸਕਦੀ ਹੈ।

ਨਿਯਾਮਕ ਲਾਜ਼ਮੀ ਹਨ। ਕੁਝ ਮਾਮਲਿਆਂ ਵਿੱਚ ਨਿਯਾਮਕ ਨੂੰ ਪੂਰਾ ਨਾ ਕਰਨਾ ਅਪਰਾਧ ਹੋਵੇਗਾ। ਇਸ ਤੋਂ ਇਹ ਭਾਵ ਹੁੰਦਾ ਹੈ ਕਿ ਪ੍ਰਦਾਤਾ ਉਸ ਦੇ ਖਿਲਾਫ ਮੁਕਦਮਾ ਹੋਣ ਦੇ ਅਧੀਨ ਹੋ ਸਕਦਾ ਹੈ। ਕਿਸੇ ਨਿਯਾਮਕ ਨੂੰ ਪੂਰਾ ਨਾ ਕਰਨਾ ਜਾਂ ਉਸ ਦੀ ਉਲੰਘਣਾ ਕਰਨਾ ਇੱਕ ਗੰਭੀਰ ਮਸਲਾ ਹੈ।

ਉਦੋਂ ਇਸ ਬਾਰੇ, ਕਿ ਕੀ ਕਰਨਾ ਚਾਹੀਦਾ ਹੈ ਜਦੋਂ ਮਾਨਕਾਂ ਜਾਂ ਨਿਯਾਮਕਾਂ ਨੂੰ ਪੂਰਾ ਨਹੀਂ ਕੀਤਾ ਜਾਂਦਾ ਹੈ, ਕੇਅਰ ਕਮਿਸ਼ਨ ਦੁਆਰਾ ਫੈਸਲੇ ਸਾਰੇ ਢੁੱਕਵੇਂ ਹਲਾਤਾਂ ਤੇ ਵਿਚਾਰ ਕਰਣਗੇ ਅਤੇ ਅਨੁਪਾਤੀ ਹੋਣਗੇ।

ਤੁਸੀਂ ਰੈਗੁਲੇਸ਼ਨ ਆਫ ਕੇਅਰ (ਸਕੋਟਲੈਂਡ) ਐਕਟ 2001 ਤੋਂ ਇਨ੍ਹਾਂ ਨਿਯਾਮਕਾਂ ਤੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ, ਜੋ ਸਟੇਸ਼ਨਰੀ ਆਫਿਸ ਬੁਕਸ਼ੋਪ ਤੋਂ ਉਪਲਬਧ ਹੁੰਦੀ ਹੈ। ਤੁਸੀਂ ਐਕਟ ਨੂੰ ਆਨਲਾਇਨ ਵੀ ਦੇਖ ਸਕਦੇ ਹੋ (ਪਤੇ ਲਈ ਅੰਤਕਾ ਬੀ ਨੂੰ ਦੇਖੋ)।

ਤੁਸੀਂ ਰੈਗੁਲੇਸ਼ਨ ਆਫ ਕੇਅਰ ਰੈਗੁਲੇਸ਼ੰਸ 2001 ਲਈ ਸਕੋਟਿਸ਼ ਕਨੂੰਨੀ ਹਿਦਾਇਤਾਂ ਨੂੰ ਆਨਲਾਇਨ ਵੀ ਦੇਖ ਸਕਦੇ ਹੋ (ਪਤੇ ਲਈ ਅੰਤਕਾ ਬੀ ਨੂੰ ਦੇਖੋ)।

## ਟਿੱਪਣੀਆਂ

ਜੇ ਤੁਸੀਂ ਇਨ੍ਹਾਂ ਮਾਨਕਾਂ ਤੇ ਟਿੱਪਣੀ ਕਰਨਾ ਚਾਹੁੰਦੇ ਹੋ ਤਾਂ ਤੁਸੀਂ ਸਾਡੀ ਵੈਬਸਾਇਟ ਤੇ ਜਾ ਸਕਦੇ ਹੋ ਅਤੇ ਸਾਡੇ ਮੇਲਬਾਕਸ ਦੇ ਜਰੀਏ ਸੰਦੇਸ਼ ਭੇਜ ਸਕਦੇ ਹੋ:

www.scotland.gov.uk/health/standardsandsponsorship

ਤੁਸੀਂ ਹੇਠਾਂ ਦਿੱਤੇ ਪਤੇ ਤੇ ਵੀ ਸਾਡੇ ਨਾਲ ਸੰਪਰਕ ਕਰ ਸਕਦੇ ਹੋ:

Care Standards and Sponsorship Branch
Community Care Division
Primary and Community Care Directorate
St Andrew's House
Regent Road
Edinburgh EH1 3DG

Tel: 0131 244 5387
Fax: 0131 244 4005

# 1-4

## ਸੇਵਾ ਦੀ ਵਰਤੋਂ ਕਰਨ ਤੋਂ ਪਹਿਲਾਂ

1 ਸੂਚਿਤ ਕਰਨਾ ਅਤੇ ਫੈਸਲਾ ਕਰਨਾ
2 ਤੁਹਾਡੇ ਕਨੂੰਨੀ ਅਧਿਕਾਰ
3 ਪ੍ਰਬੰਧਨ ਅਤੇ ਸਟਾਫ ਦੇ ਆਯੋਜਨ
4 ਘਰੇਲੂ ਸਮਰਥਨ ਦੀ ਯੋਜਨਾ ਕਰਨਾ

ਰਾਸ਼ਟਰੀਦੇਖਭਾਲਮਾਨਕ

ਘਰੇਲੂ ਸਮਰਥਨ ਸੇਵਾਵਾਂ

# ਸੇਵਾ ਦੀ ਵਰਤੋਂ ਕਰਨ ਤੋਂ ਪਹਿਲਾਂ

## ਮਾਨਕ 1 ਤੋਂ 4 ਦੀ ਭੂਮਿਕਾ

ਇਸ ਸੈਕਸ਼ਨ ਵਿੱਚ ਮਾਨਕਾਂ ਨੂੰ ਸੇਵਾ ਦੇ ਉਨ੍ਹਾਂ ਪੈਹਲੂਆਂ ਲਈ ਸਮੂਹ ਵਿੱਚ ਵੰਡਿਆ ਗਿਆ ਹੈ ਜੋ ਕਿ ਆਪਣੀ ਥਾਂ ਤੇ ਹੋਣ ਇਸ ਤੋਂ ਪਹਿਲਾਂ ਕਿ ਤੁਸੀਂ ਸੇਵਾ ਦੀ ਵਰਤੋਂ ਕਰੋ, ਜਿਸ ਦੀ ਤੁਸੀਂ ਇਸ ਬਾਰੇ ਫੈਸਲਾ ਕਰਨ ਲਈ ਵਰਤੋਂ ਕਰੋਗੇ ਕਿ ਸੇਵਾ ਤੁਹਾਡੀ ਜੀਵਨ ਦੀ ਗੁਣਵੱਤਾ ਵਿੱਚ ਕਿਵੇਂ ਸੁਧਾਰ ਕਰੇਗੀ।

## ਸੂਚਿਤ ਕਰਨਾ ਅਤੇ ਫੈਸਲਾ ਕਰਨਾ

ਤੁਹਾਡੇ ਕੋਲ ਫੈਸਲੇ ਤੇ ਪਹੁੰਚਣ ਵਿੱਚ ਆਪਣੀ ਮਦਦ ਕਰਨ ਲਈ ਪੂਰੀ ਜਾਣਕਾਰੀ ਹੋਣਾ ਲਾਜ਼ਮੀ ਹੈ। ਤੁਸੀਂ ਇਸ ਦੇ ਆਧੁਨਿਕ ਅਤੇ ਭਰੋਸੇਮੰਦ, ਉਸ ਫੋਰਮੈਟ ਅਤੇ ਭਾਸ਼ਾ ਵਿੱਚ ਹੋਣ ਦੀ ਉਮੀਦ ਕਰ ਸਕਦੇ ਹੋ ਜਿਸ ਨੂੰ ਤੁਸੀਂ ਅਸਾਨੀ ਨਾਲ ਸਮਝ ਅਤੇ ਗ੍ਰੈਹਣ ਕਰ ਸਕਦੇ ਹੋ। ਸੇਵਾਵਾਂ ਬਾਰੇ ਜਾਣਕਾਰੀ ਦਾ ਤੁਹਾਨੂੰ ਇਹ ਵਿਸ਼ਵਾਸ ਦਵਾਉਣ ਲਈ, ਕਿ ਸੇਵਾ ਤੁਹਾਡੀਆਂ ਘਰੇਲੂ ਸਮਰਥਨ ਦੀਆਂ ਲੋੜਾਂ ਨੂੰ ਪੂਰਾ ਕਰੇਗੀ, ਪ੍ਰਬੰਧਨ ਅਤੇ ਸਟਾਫ ਦੇ ਵੇਰਵਿਆਂ ਦੁਆਰਾ ਬੈਕ-ਅਪ ਲਿੱਤਾ ਜਾਣਾ ਚਾਹੀਦਾ ਹੈ।

## ਤੁਹਾਡੇ ਕਨੂੰਨੀ ਅਧਿਕਾਰ

ਸੁਰੱਖਿਆ ਦਾ ਸਿਧਾਂਤ ਇਹ ਦਰਸ਼ਾਉਂਦਾ ਹੈ ਕਿ ਤੁਹਾਡੇ ਲਈ ਸੁਰੱਖਿਅਤ ਮਹਿਸੂਸ ਕਰਨਾ ਕਿੰਨਾਂ ਕੁ ਮਹੱਤਵਪੂਰਨ ਹੈ ਭਾਵੇਂ ਤੁਸੀਂ ਕਿਤੇ ਵੀ ਰਹਿੰਦੇ ਹੋ। ਤੁਹਾਡਾ ਵਿਸ਼ਵਾਸੀ ਹੋਣਾ ਲਾਜ਼ਮੀ ਹੈ ਕਿ ਸੇਵਾ ਦਾ ਸਬੰਧਤ ਕਨੂੰਨਾਂ ਅਤੇ ਦਿਸ਼ਾ-ਨਿਰਦੇਸ਼ਾਂ ਦੇ ਸਮਾਨ ਪੂਰੀ ਤਰ੍ਹਾਂ ਪ੍ਰਬੰਧਨ ਕੀਤਾ ਜਾਂਦਾ ਹੈ। ਤੁਹਾਨੂੰ ਇਹ ਪਤਾ ਹੋਣਾ ਲਾਜ਼ਮੀ ਹੈ ਕਿ ਅਪਾਤਕਾਲੀਨ ਦੇ ਮਾਮਲੇ ਵਿੱਚ ਕੀ ਹੋਵੇਗਾ ਜਾਂ ਜੇ ਘਰੇਲੂ ਸਮਰਥਨ ਸੇਵਾ ਬੰਦ ਹੋਣ ਵਾਲੀ ਸੀ।

## ਪ੍ਰਬੰਧਨ ਅਤੇ ਸਟਾਫ ਦੇ ਆਯੋਜਨ

ਇਸ ਸੈਕਸ਼ਨ ਵਿੱਚ ਮਾਨਕ ਇਸ ਬਾਰੇ ਪਤਾ ਹੋਣ ਦੀ ਮਹੱਤਤਾ ਨੂੰ ਪ੍ਰਤੀਬਿੰਬ ਕਰਦੇ ਹਨ ਕਿ ਉਨ੍ਹਾਂ ਲੋਕਾਂ ਕੋਲ ਤੁਹਾਡੀਆਂ ਲੋੜਾਂ ਨੂੰ ਪੂਰਾ ਕਰਨ ਲਈ ਸਾਰੇ ਅਨੁਭਵ, ਕੌਸ਼ਲ ਅਤੇ ਸਿਖਲਾਈਆਂ ਹਨ ਜੋ ਤੁਹਾਡੇ ਘਰੇਲੂ ਸਮਰਥਨ ਲਈ ਜ਼ੁੰਮੇਵਾਰ ਹਨ। ਜੇ ਉਹ ਤੁਹਾਨੂੰ ਸਭ ਤੋਂ ਵਧੀਆ ਸੰਭਾਵੀ ਸੇਵਾ ਪ੍ਰਦਾਨ ਕਰਨਾ ਚਾਹੁੰਦੇ ਹਨ, ਤਾਂ ਉਨ੍ਹਾਂ ਦਾ ਵਰਤਮਾਨ ਦੀ ਚੰਗੀ ਕਾਰਜ-ਪ੍ਰਣਾਲੀ ਦੇ ਸੰਚਾਲਨ ਨਾਲ ਜਾਣੂ ਹੋਣਾ ਲਾਜ਼ਮੀ ਹੈ। ਉਨ੍ਹਾਂ ਦਾ ਕਾਰਜ-ਪ੍ਰਣਾਲੀ ਵਿੱਚ ਮਾਰਗ-ਦਰਸ਼ਨ ਨੂੰ ਪਾਉਣ ਦੇ ਯੋਗ ਹੋਣਾ ਲਾਜ਼ਮੀ ਹੈ।

ਕਿਉਂਕਿ ਤੁਹਾਡੀਆਂ ਲੋੜਾਂ ਸਮੇਂ ਨਾਲ ਬਦਲ ਸਕਦੀਆਂ ਹਨ, ਪ੍ਰਦਾਤਾ ਦਾ ਇਹ ਯਕੀਨੀ ਬਣਾਉਣਾ ਲਾਜ਼ਮੀ ਹੈ ਕਿ ਪ੍ਰਬੰਧਨ ਅਤੇ ਸਟਾਫ ਦੇ ਆਯੋਜਨ ਇਨ੍ਹਾਂ ਲੋੜਾਂ ਨੂੰ ਹਮੇਸ਼ਾ ਪੂਰਾ ਕਰ ਸਕਦੇ ਹਨ। ਇਸ ਨੂੰ ਮਾਨਕਾਂ ਵਿੱਚ ਦਰਸ਼ਾਇਆ ਜਾਂਦਾ ਹੈ। ਉਹ ਸਟਾਫ ਦੀ ਸੰਖਿਆ ਅਤੇ ਕੌਸ਼ਲਾਂ ਨੂੰ ਮਿਸ਼ਰਤ ਕਰਨ ਬਾਰੇ ਸਟੀਕ ਲੋੜਾਂ ਦੀ ਸਥਾਪਨਾ ਨਹੀਂ ਕਰਦੇ ਹਨ ਪਰ ਇਸ ਨੂੰ ਸਪਸ਼ਟ ਕਰਦੇ ਹਨ ਕਿ ਸੇਵਾ ਦਾ ਹਮੇਸ਼ਾ ਇਸ ਦੀ ਵਰਤੋਂ ਕਰਨ ਵਾਲੇ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰਨਾ ਲਾਜ਼ਮੀ ਹੈ।

## ਘਰੇਲੂ ਸਮਰਥਨ ਦੀ ਯੋਜਨਾ ਕਰਨਾ

ਉਹ ਤਰੀਕਾ ਤੁਹਾਡੀਆਂ ਲੋੜਾਂ ਦੇ ਅਨੁਕੂਲ ਹੋਣਾ ਚਾਹੀਦਾ ਹੈ ਜਿਸ ਵਿੱਚ ਘਰੇਲੂ ਸਮਰਥਨ ਸੇਵਾ ਨੂੰ ਪ੍ਰਦਾਨ ਕੀਤਾ ਜਾਂਦਾ ਹੈ ਅਤੇ ਇਸ ਨੂੰ ਤੁਹਾਡੀ ਸੁਤੰਤਰਤਾ ਨੂੰ ਵਧਾਵਾ ਦੇਣਾ ਚਾਹੀਦਾ ਹੈ। ਕੁਝ ਲੋਕਾਂ ਲਈ ਸੇਵਾ ਪਿਛੋਕੜ ਸਮਰਥਨ ਤੋਂ ਥੋੜਾ ਜ਼ਿਆਦਾ ਪ੍ਰਦਾਨ ਕਰੇਗੀ ਜੱਦਕਿ ਹੋਰ ਲੋਕਾਂ ਲਈ ਇਹ ਜਬਰਦਸਤ ਮਦਦ ਦੀ ਪੇਸ਼ਕਸ਼ ਕਰੇਗੀ। ਤੁਸੀਂ ਇਹ ਉਮੀਦ ਕਰ ਸਕਦੇ ਹੋ ਕਿ ਤੁਹਾਡੀ ਵਿਅਕਤੀਗਤ ਯੋਜਨਾ ਸਮਰਥਨ ਦੇ ਉਸ ਪੱਧਰ ਨੂੰ ਪ੍ਰਤੀਬਿੰਬ ਕਰੇਗੀ ਜਿਸ ਦੀ ਤੁਹਾਨੂੰ ਲੋੜ ਹੁੰਦੀ ਹੈ ਅਤੇ ਇਹ ਕਿ ਇਹ ਘਰੇਲੂ ਸਮਰਥਨ ਦੀਆਂ ਤਬਦੀਲੀਆਂ ਲਈ ਤੁਹਾਡੀ ਲੋੜ ਵਜੋਂ ਬਦਲੇਗੀ।

# ਸੂਚਿਤ ਕਰਨਾ ਅਤੇ ਫੈਸਲਾ ਕਰਨਾ

## ਮਾਨਕ 1

**ਤੁਹਾਡੇ ਕੋਲ ਸੇਵਾ ਦੀ ਵਰਤੋਂ ਕਰਨ ਬਾਰੇ ਫੈਸਲਾ ਕਰਨ ਵਿੱਚ ਆਪਣੀ ਮਦਦ ਕਰਨ ਲਈ ਉਹ ਸਾਰੀ ਜਾਣਕਾਰੀ ਹੈ ਜਿਸ ਦੀ ਤੁਹਾਨੂੰ ਲੋੜ ਹੁੰਦੀ ਹੈ।**

1 ਤੁਹਾਡੇ ਕੋਲ ਭੂਮਿਕਾ ਸਵਰੂਪ ਪੈਕ ਹੈ ਜੋ ਸਪਸ਼ਟ ਤੌਰ ਤੇ ਇਹ ਵਿਆਖਿਆ ਕਰਦਾ ਹੈ ਕਿ ਸੇਵਾ ਕਿਵੇਂ ਕੰਮ ਕਰਦੀ ਹੈ। ਸਭ ਕੁਝ ਸਾਦੀ ਅੰਗਰੇਜੀ ਵਿੱਚ ਜਾਂ ਉਸ ਭਾਸ਼ਾ ਅਤੇ ਫੋਰਮੈਟ ਵਿੱਚ ਲਿੱਖਿਆ ਜਾਂਦਾ ਹੈ ਜੋ ਕਿ ਤੁਹਾਡੇ ਲਈ ਉੱਚਿਤ ਹੈ। ਇਸ ਵਿੱਚ ਹੇਠਾਂ ਦਿੱਤੇ ਚਿੰਨ੍ਹ ਸ਼ਾਮਲ ਹੋਣੇ ਚਾਹੀਦੇ ਹਨ:

- ਘਰੇਲੂ ਸਮਰਥਨ ਸੇਵਾ ਦੀ ਕਿਤਾਬਚੀ;
- ਸੇਵਾ ਦੀ ਵਰਤੋਂ ਕਿਵੇਂ ਕਰਨੀ ਹੈ;
- ਸੇਵਾ ਲਈ ਕੋਈ ਸ਼ੁਲਕ, ਇਹ ਕੀ ਹਨ ਅਤੇ ਤੁਹਾਨੂੰ ਉਨ੍ਹਾਂ ਦਾ ਭੁਗਤਾਨ ਕਿਸ ਨੂੰ ਕਰਨਾ ਚਾਹੀਦਾ ਹੈ;
- ਘਰੇਲੂ ਸਮਰਥਨ ਸੇਵਾ ਵਿੱਚ ਕੀ ਉਪਲਬਧ ਹੁੰਦਾ ਹੈ;
- ਘਰੇਲੂ ਸਮਰਥਨ ਸੇਵਾ ਦੀ ਗੁਣਵੱਤਾ ਦਾ ਨਿਰੀਖਣ ਕਿਵੇਂ ਕੀਤਾ ਜਾਂਦਾ ਹੈ;
- ਸ਼ਿਕਾਇਤਾਂ ਦੀ ਪਰਕਿਰਿਆ;
- ਉਸ ਵਿਅਕਤੀ ਵਜੋਂ ਤੁਹਾਡੇ ਅਧਿਕਾਰਾਂ ਅਤੇ ਜ਼ੁੰਮੇਵਾਰੀਆਂ ਦਾ ਕਥਨ ਜੋ ਘਰੇਲੂ ਸਮਰਥਨ ਸੇਵਾ ਦੀ ਵਰਤੋਂ ਕਰਦਾ ਹੈ;
- ਜੋਖਮ ਦਾ ਪ੍ਰਬੰਧਨ ਕਰਨ ਲਈ ਨਿਤੀਆਂ ਅਤੇ ਪਰਕਿਰਿਆਵਾਂ ਅਤੇ ਘਟਨਾਵਾਂ ਅਤੇ ਦੁਰਘਟਨਾਵਾਂ ਨੂੰ ਰਿਕਾਰਡ ਕਰਨਾ ਅਤੇ ਉਨ੍ਹਾਂ ਦੀ ਰਿਪੋਰਟ ਕਰਨਾ;
- ਘਰੇਲੂ ਸਮਰਥਨ ਸੇਵਾ ਦੀਆਂ ਢੁੱਕਵੀਆਂ ਨਿਤੀਆਂ ਅਤੇ ਪਰਕਿਰਿਆਵਾਂ; ਅਤੇ
- ਸਭ ਤੋਂ ਹਾਲ ਹੀ ਦੀ ਕੇਅਰ ਕਮਿਸ਼ਨ ਦੀ ਜਾਂਚ ਰਿਪੋਰਟ।

2 ਜੇ ਤੁਸੀਂ ਰਾਜ਼ੀ ਹੁੰਦੇ ਹੋ, ਤਾਂ ਤੁਹਾਡੇ ਪਰਿਵਾਰ, ਦੇਖਭਾਲ ਕਰਨ ਵਾਲੇ, ਦੋਸਤਾਂ, ਸਟਾਫ ਅਤੇ ਪ੍ਰਬੰਧਕਾਂ ਨੂੰ ਤੁਹਾਡੇ ਨਾਲ ਚਰਚਾਵਾਂ ਕਰਨ ਵਿੱਚ ਸ਼ਾਮਲ ਕੀਤਾ ਜਾਵੇਗਾ।

# ਤੁਹਾਡੇ ਕਨੂੰਨੀ ਅਧਿਕਾਰ

## ਮਾਨਕ 2

**ਤੁਸੀਂ ਇੱਕ ਲਿੱਖਤ ਸਮਝੌਤਾ ਪ੍ਰਾਪਤ ਕਰੋਗੇ ਜੋ ਸਪਸ਼ਟ ਤੌਰ ਤੇ ਉਸ ਸੇਵਾ ਦੀ ਪਰਿਭਾਸ਼ਾ ਦਿੰਦਾ ਹੈ ਜਿਸ ਨੂੰ ਤੁਹਾਡੀਆਂ ਲੋੜਾਂ ਨੂੰ ਪੂਰਾ ਕਰਨ ਲਈ ਪ੍ਰਦਾਨ ਕੀਤਾ ਜਾਵੇਗਾ। ਇਹ ਸੇਵਾ ਪ੍ਰਾਪਤ ਕਰਨ ਲਈ ਨਿਯਮਾਂ ਅਤੇ ਸ਼ਰਤਾਂ ਪ੍ਰਦਰਸ਼ਿਤ ਕਰੇਗਾ, ਅਤੇ ਸਮਝੌਤੇ ਵਿੱਚ ਤਬਦੀਲੀ ਕਰਨ ਜਾਂ ਇਸ ਨੂੰ ਸਮਾਪਤ ਕਰਨ ਲਈ ਪ੍ਰਬੰਧਨਾਂ ਨੂੰ ਕਰੇਗਾ।**

1 ਤੁਹਾਡੇ ਕੋਲ ਅਜਿਹੇ ਫੋਰਮੈਟ ਵਿੱਚ ਇਸ ਲਿੱਖਤ ਸਮਝੌਤੇ ਦੀ ਨਕਲ ਹੋਵੇਗੀ ਜਿਸ ਨੂੰ ਤੁਸੀਂ ਸਮਝ ਸਕਦੇ ਹੋ।

2 ਤੁਸੀਂ ਕੇਅਰ ਕਮਿਸ਼ਨ ਦੀਆਂ ਜਾਂਚ ਰਿਪੋਰਟਾਂ ਨੂੰ ਦੇਖਣ ਦੇ ਯੋਗ ਹੋਵੋਗੇ ਜੋ ਘਰੇਲੂ ਸਮਰਥਨ ਸੇਵਾ ਨਾਲ ਸਬੰਧਤ ਹੁੰਦੀਆਂ ਹਨ।

# ਪ੍ਰਬੰਧਨ ਅਤੇ ਸਟਾਫ ਦੇ ਆਯੋਜਨ

## ਮਾਨਕ 3

**ਤੁਸੀਂ ਚੰਗੀ ਗੁਣਵੱਤਾ ਦੇ ਘਰੇਲੂ ਸਮਰਥਨ ਨੂੰ ਅਨੁਭਵ ਕਰਦੇ ਹੋ। ਇਸ ਨੂੰ ਪ੍ਰਬੰਧਨ ਅਤੇ ਸਟਾਫ ਦੁਆਰਾ ਪ੍ਰਦਾਨ ਕੀਤਾ ਜਾਂਦਾ ਹੈ ਜਿਨ੍ਹਾਂ ਦੀ ਪੇਸ਼ੇਵਰ ਸਿਖਲਾਈ ਅਤੇ ਮੁਹਾਰਤ ਉਨ੍ਹਾਂ ਨੂੰ ਤੁਹਾਡੀਆਂ ਲੋੜਾਂ ਨੂੰ ਪੂਰਾ ਕਰਨ ਦੀ ਆਗਿਆ ਦਿੰਦੀ ਹੈ। ਸੇਵਾ ਦਾ ਸਾਰੀਆਂ ਲਾਗੂ ਕਨੂੰਨੀ ਲੋੜਾਂ ਅਤੇ ਸਭ ਤੋਂ ਵਧੀਆ ਕਾਰਜ-ਪ੍ਰਣਾਲੀ ਦੇ ਦਿਸ਼ਾ-ਨਿਰਦੇਸ਼ਾਂ ਦੇ ਸਮਾਨ ਸੰਚਾਲਨ ਹੁੰਦਾ ਹੈ।**

1 ਤੁਹਾਨੂੰ ਵਿਸ਼ਵਾਸ ਦਵਾਇਆ ਜਾ ਸਕਦਾ ਹੈ ਕਿ ਪ੍ਰਦਾਤਾ ਕੋਲ ਅਜਿਹੀਆਂ ਨਿਤੀਆਂ ਅਤੇ ਪਰਕਿਰਿਆਵਾਂ ਹਨ ਜੋ ਹੇਠਾਂ ਸਮੇਤ, ਸਾਰੀਆਂ ਕਨੂੰਨੀ ਲੋੜਾਂ ਨੂੰ ਕਵਰ ਕਰਦੀਆਂ ਹਨ:
- ਸਟਾਫ ਰੱਖਣਾ ਅਤੇ ਸਿਖਲਾਈ ਦੇਣਾ;
- 'ਅਚਾਨਕ ਕਿਸੇ ਕੰਮ ਤੇ ਰੋਕ ਲਗਾਉਣਾ';
- ਜੋਖਮ ਦਾ ਪ੍ਰਬੰਧਨ ਕਰਨਾ; ਅਤੇ
- ਘਟਨਾਵਾਂ ਅਤੇ ਸ਼ਿਕਾਇਤਾਂ ਨੂੰ ਰਿਕਾਰਡ ਕਰਨ ਸਮੇਤ, ਪੂਰਾ ਰਿਕਾਰਡ ਰੱਖਣਾ।

2 ਤੁਹਾਨੂੰ ਵਿਸ਼ਵਾਸ ਦਵਾਇਆ ਜਾ ਸਕਦਾ ਹੈ ਕਿ ਸਟਾਫ ਇਹ ਜਾਣਦਾ ਹੈ ਕਿ ਕਿਵੇਂ ਇਨ੍ਹਾਂ ਨਿਤੀਆਂ ਅਤੇ ਪਰਕਿਰਿਆਵਾਂ ਨੂੰ ਵਰਤੋਂ ਵਿੱਚ ਲਿਆਉਣਾ ਹੈ। ਉਨ੍ਹਾਂ ਨੂੰ ਇਸ ਦੀ ਸਮੀਖਿਆ ਕਰਨ ਲਈ ਅਤੇ ਨਵੇਂ ਸੰਚਾਲਨ ਬਾਰੇ ਸਿੱਖਣ ਲਈ ਨੇਮਤ ਸਿਖਲਾਈ ਦਿੱਤੀ ਜਾਂਦੀ ਹੈ।

3 ਤੁਹਾਨੂੰ ਇਹ ਵਿਸ਼ਵਾਸ ਦਵਾਇਆ ਜਾ ਸਕਦਾ ਹੈ ਕਿ ਤੁਹਾਨੂੰ ਘਰੇਲੂ ਸਮਰਥਨ ਪ੍ਰਦਾਨ ਕਰਨ ਵਾਲੇ ਸਟਾਫ ਵਿੱਚ ਉਨ੍ਹਾਂ ਲੋਕਾਂ ਨਾਲ ਕੰਮ ਕਰਨ ਦੇ ਅਨੁਭਵ ਤੋਂ ਪ੍ਰਾਪਤ ਗਿਆਨ ਅਤੇ ਕੌਸ਼ਲ ਹਨ ਜਿਨ੍ਹਾਂ ਦੀਆਂ ਲੋੜਾਂ ਤੁਹਾਡੀਆਂ ਲੋੜਾਂ ਦੇ ਸਮਾਨ ਹਨ। ਜੇ ਉਹ ਨਵੇਂ ਕਰਮਚਾਰੀ ਹੁੰਦੇ ਹਨ, ਤਾਂ ਉਨ੍ਹਾਂ ਦੀ ਯੋਜਨਾਬੱਧ ਸਿਖਲਾਈ ਪ੍ਰੋਗਰਾਮ ਦੇ ਹਿੱਸੇ ਵਜੋਂ ਇਸ ਅਨੁਭਵ ਨੂੰ ਪ੍ਰਾਪਤ ਕਰਨ ਵਿੱਚ ਮਦਦ ਕੀਤੀ ਜਾ ਰਹੀ ਹੁੰਦੀ ਹੈ।

4 ਤੁਹਾਨੂੰ ਇਹ ਵਿਸ਼ਵਾਸ ਦਵਾਇਆ ਜਾ ਸਕਦਾ ਹੈ ਕਿ ਸਾਰਾ ਸਟਾਫ ਉਨ੍ਹਾਂ ਤਰੀਕਿਆਂ ਦੀ ਵਰਤੋਂ ਕਰਦਾ ਹੈ ਜੋ ਨਵੀਨਤਮ ਗਿਆਨ ਅਤੇ ਸਭ ਤੋਂ ਵਧੀਆ ਕਾਰਜ-ਪ੍ਰਣਾਲੀ ਦੇ ਸੰਚਾਲਨ ਨੂੰ ਦਰਸ਼ਾਉਂਦੇ ਹਨ, ਅਤੇ ਇਹ ਕਿ ਪ੍ਰਬੰਧਨ ਨਿਰੰਤਰ ਤੌਰ ਤੇ ਕਾਰਜ-ਪ੍ਰਣਾਲੀ ਵਿੱਚ ਸੁਧਾਰ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

5 ਤੁਸੀਂ ਜਾਣਦੇ ਹੋ ਕਿ ਪ੍ਰਦਾਤਾ ਦੇ ਸਟਾਫ ਅਤੇ ਪ੍ਰਬੰਧਕਾਂ ਸਾਰਿਆਂ ਦੀ ਇੱਕ ਪਰਕਿਰਿਆ ਦੇ ਜਰੀਏ ਭਰਤੀ ਅਤੇ ਚੋਣ ਕੀਤੀ ਜਾਂਦੀ ਹੈ ਜਿਸ ਵਿੱਚ ਇਹ ਸ਼ਾਮਲ ਹਨ:
- ਹਵਾਲਿਆਂ ਨੂੰ ਲੈਣਾ;
- ਅਪਰਾਧਿਕ ਰਿਕਾਰਡਾਂ ਦੀ ਜਾਂਚ ਕਰਨਾ ਜਿੱਥੇ ਲੋੜ ਹੁੰਦੀ ਹੈ; ਅਤੇ
- ਸਕੋਟਿਸ਼ ਸਮਾਜਕ ਸੇਵਾਵਾਂ ਦੇ ਕੌਂਸਲ, ਨਰਸਾਂ, ਦਾਈਆਂ ਅਤੇ ਸਿਹਤ ਸਬੰਧੀ ਦੌਰਾ ਕਰਨ ਵਾਲਿਆਂ (ਯੂਕੇਸੀਸੀ) ਲਈ ਯੁਨਾਇਟਿਡ ਕਿੰਗਡਮ ਸੈਂਟ੍ਰਲ ਕੌਂਸਲ, ਜਾਂ ਹੋਰ ਪੇਸ਼ੇਵਰ ਸੰਗਠਨਾਂ ਦੇ ਰਜਿਸਟਰਾਂ ਵਿੱਚ ਕ੍ਰੌਸ-ਹਵਾਲਾ ਕਰਨਾ, ਜਿੱਥੇ ਲਾਗੂ ਹੋਵੇ।

6 ਤੁਹਾਨੂੰ ਵਿਸ਼ਵਾਸ ਦਵਾਇਆ ਜਾ ਸਕਦਾ ਹੈ ਕਿ ਹਰ ਵੇਲੇ ਉਸ ਸਟਾਫ ਦੀ ਸੰਖਿਆ ਤੁਹਾਡੀਆਂ ਘਰੇਲੂ ਸਮਰਥਨ ਲੋੜਾਂ ਨੂੰ ਪੂਰਾ ਕਰਨ ਲਈ ਕਾਫੀ ਹੋਵੇਗੀ ਜੋ ਕਿ ਸਿੱਖਿਅਤ ਹੁੰਦੇ ਹਨ ਅਤੇ ਜਿਨ੍ਹਾਂ ਵਿੱਚ ਜਰੂਰੀ ਕੌਸ਼ਲ ਹੁੰਦੇ ਹਨ। ਪੱਧਰਾਂ ਦਾ ਕੇਅਰ ਕਮਿਸ਼ਨ ਅਤੇ ਪ੍ਰਦਾਤਾ ਦੇ ਵਿੱਚ ਰਾਜ਼ੀਨਾਮਾ ਕੀਤਾ ਜਾਂਦਾ ਹੈ।

7 ਤੁਸੀਂ ਜਾਣਦੇ ਹੋ ਕਿ ਸੇਵਾ ਵਿੱਚ ਇਸ ਦੇ ਸਾਰੇ ਸਟਾਫ ਲਈ ਇੱਕ ਸਟਾਫ ਵਿਕਾਸ ਰਣਨੀਤੀ ਅਤੇ ਇੱਕ ਪ੍ਰਭਾਵਸ਼ਾਲੀ ਸਾਲਾਨਾ ਤੌਰ ਤੇ ਸਿਖਲਾਈ ਯੋਜਨਾ ਸ਼ਾਮਲ ਹੈ।

8 ਤੁਸੀਂ ਜਾਣਦੇ ਹੋ ਕਿ ਜਦੋਂ ਵੀ ਸਟਾਫ ਨੂੰ ਕਿਸੇ ਵੀ ਵਿੱਤੀ ਲੈਣ-ਦੇਣ ਵਿੱਚ ਸ਼ਾਮਲ ਕੀਤਾ ਜਾਂਦਾ ਹੈ, ਇਸ ਨੂੰ ਸਾਵਧਾਨੀ ਨਾਲ ਰਿਕਾਰਡ ਕੀਤਾ ਜਾਵੇਗਾ। ਇਸ ਨੂੰ ਅਜਿਹੇ ਢੰਗ ਨਾਲ ਕੀਤਾ ਜਾਵੇਗਾ ਕਿ ਇਸ ਦੀ ਕੇਅਰ ਕਮਿਸ਼ਨ ਦੁਆਰਾ ਜਾਂਚ ਕੀਤੀ ਜਾ ਸਕੇ।

# ਘਰੇਲੂ ਸਮਰਥਨ ਦੀ ਯੋਜਨਾ ਕਰਨਾ

## ਮਾਨਕ 4

**ਤੁਹਾਨੂੰ ਤੁਹਾਡੀ ਵਿਅਕਤੀਗਤ ਯੋਜਨਾ ਨੂੰ ਵਿਕਸਤ ਕਰਨ ਵਿੱਚ ਅਤੇ ਕੋਈ ਵੀ ਬਾਅਦ ਦੀਆਂ ਸਮੀਖਿਆਵਾਂ ਵਿੱਚ ਪੂਰੀ ਤਰ੍ਹਾਂ ਸ਼ਾਮਲ ਕੀਤਾ ਜਾਵੇਗਾ। ਤੁਸੀਂ ਇਨ੍ਹਾਂ ਦੀਆਂ ਨਕਲਾਂ ਪ੍ਰਾਪਤ ਕਰੋਗੇ ਜਿਨ੍ਹਾਂ ਤੇ ਘਰੇਲੂ ਸਮਰਥਨ ਸੇਵਾ ਦੇ ਪ੍ਰਦਾਤਾ ਦੁਆਰਾ ਹਸਤਾਖਰ ਕੀਤੇ ਅਤੇ ਮਿਤੀ ਪਾਈ ਹੋਵੇਗੀ।**

1 ਤੁਹਾਡੀ ਵਿਅਕਤੀਗਤ ਯੋਜਨਾ ਉਸ ਤਰੀਕੇ ਨੂੰ ਪ੍ਰਦਰਸ਼ਿਤ ਕਰੇਗੀ ਜਿਸ ਤਰ੍ਹਾਂ ਸੇਵਾ ਨੂੰ ਤੁਹਾਡੀਆਂ ਲੋੜਾਂ ਨੂੰ ਪੂਰਾ ਕਰਨ ਲਈ ਆਕਾਰ ਦਿੱਤਾ ਜਾਂਦਾ ਹੈ।

2 ਤੁਹਾਡੀ ਵਿਅਕਤੀਗਤ ਯੋਜਨਾ ਵਿੱਚ ਹੇਠਾਂ ਦਿੱਤੇ ਚਿੰਨ੍ਹਾਂ ਬਾਰੇ ਜਾਣਕਾਰੀ ਸ਼ਾਮਲ ਹੋਵੇਗੀ:

- ਤੁਸੀਂ ਕੀ ਬੁਲਾਇਆ ਜਾਣਾ ਪਸੰਦ ਕਰਦੇ ਹੋ;
- ਤੁਹਾਡੀ ਦੇਖਭਾਲ ਦੀ ਸਮੀਖਿਆ ਕਰਨ ਵਿੱਚ ਕਿਸੇ ਨੂੰ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ;
- ਅਜਿਹੀਆਂ ਕੋਈ ਵੀ ਖਾਸ ਸੰਚਾਲਨ ਸਬੰਧੀ ਲੋੜਾਂ ਜੋ ਕਿ ਤੁਹਾਡੀਆਂ ਹੋ ਸਕਦੀਆਂ ਹਨ;
- ਕਿਹੜੇ ਸੰਚਾਰ ਦੇ ਪ੍ਰਬੰਧਨਾਂ ਨੂੰ ਉਸ ਦੀ ਥਾਂ ਤੇ ਰੱਖੇ ਜਾਣ ਦੀ ਲੋੜ ਹੁੰਦੀ ਹੈ ਜੇ ਤੁਹਾਡੀ ਮੂਲ ਭਾਸ਼ਾ ਅੰਗਰੇਜੀ ਨਹੀਂ ਹੈ;
- ਅਜਿਹਾ ਕੋਈ ਵੀ ਘਰੇਲੂ ਸਮਰਥਨ ਜਿਸ ਦੀ ਤੁਹਾਨੂੰ ਵਿੱਤੀ ਜਾਂ ਪ੍ਰਬੰਧਕੀ ਆਯੋਜਨਾਂ ਵਿੱਚ ਆਪਣੀ ਮਦਦ ਕਰਨ ਲਈ ਲੋੜ ਹੁੰਦੀ ਹੈ;
- ਕਦੋਂ, ਅਤੇ ਕਿਹੜੇ ਹਲਾਤਾਂ ਵਿੱਚ, ਦੋਸਤਾਂ, ਰਿਸ਼ਤੇਦਾਰਾਂ ਅਤੇ ਦੇਖਭਾਲ ਕਰਨ ਵਾਲਿਆਂ ਦੇ ਨਾਲ ਸੰਪਰਕ ਕੀਤਾ ਜਾਵੇਗਾ;
- ਹੋਰ ਕਿਹੜੀਆਂ ਸੇਵਾਵਾਂ ਨਾਲ ਸੰਪਰਕ ਕੀਤਾ ਜਾਣਾ ਲਾਜ਼ਮੀ ਹੈ ਜੇ ਤੁਹਾਡੇ ਸਿਹਤ ਸਬੰਧੀ ਜਾਂ ਵਿਅਕਤੀਗਤ ਹਲਾਤਾਂ ਵਿੱਚ ਕੋਈ ਵੀ ਮਹੱਤਵਪੂਰਨ ਤਬਦੀਲੀ ਹੁੰਦੀ ਹੈ;
- ਕਿਸੇ ਸੁਤੰਤਰ ਵਿਅਕਤੀ ਨਾਲ ਸੰਪਰਕ ਕਰਨਾ ਜੇ ਤੁਸੀਂ ਕੋਈ ਸ਼ਿਕਾਇਤ ਕਰਨਾ ਜਾਂ ਕਿਸੇ ਚਿੰਤਾ ਦੇ ਵਿਸ਼ੇ ਨੂੰ ਪ੍ਰਕਟ ਕਰਨਾ ਚਾਹੁੰਦੇ ਹੋ;
- ਤੁਹਾਡੇ ਸਮਰਥਨ ਅਤੇ ਦੇਖਭਾਲ ਵਿੱਚ ਹੋਰ ਕੌਣ-ਕੌਣ ਯੋਗਦਾਨ ਪਾ ਰਿਹਾ ਹੈ; ਅਤੇ
- ਘਰੇਲੂ ਸਮਰਥਨ ਨੂੰ ਕਦੋਂ ਪ੍ਰਦਾਨ ਕੀਤਾ ਜਾਂਦਾ ਹੈ ਅਤੇ ਇਸ ਨੂੰ ਕੌਣ ਪ੍ਰਦਾਨ ਕਰਦਾ ਹੈ।

3 ਤੁਸੀਂ ਜਾਣਦੇ ਹੋ ਕਿ ਜਾਂ ਤੇ ਯੋਜਨਾਬੱਧ ਜਾਂ ਫੇਰ ਗੈਰ-ਯੋਜਨਾਬੱਧ ਘਟਨਾਵਾਂ ਲਈ ਆਪਣੀ ਵਿਅਕਤੀਗਤ ਯੋਜਨਾ ਨੂੰ ਕਿਵੇਂ ਬਦਲਣਾ ਹੈ (ਉਦਾਹਰਨ ਲਈ, ਹਸਪਤਾਲ ਜਾਣਾ, ਜਾਂ ਛੁੱਟੀਆਂ ਮਨਾਉਣ ਜਾਣਾ, ਜਾਂ ਕਿਤੇ ਬਾਹਰ ਘੁੰਮਣ ਜਾਣਾ), ਜਾਂ ਆਪਣੀ ਘਰੇਲੂ ਸਮਰਥਨ ਸੇਵਾ ਨੂੰ ਸਮਾਪਤ ਕਿਵੇਂ ਕਰਨਾ ਹੈ।

4 ਤੁਹਾਨੂੰ ਵਿਸ਼ਵਾਸ ਦਵਾਇਆ ਜਾ ਸਕਦਾ ਹੈ ਕਿ ਘਰੇਲੂ ਸਮਰਥਨ ਸੇਵਾ ਦਾ ਪ੍ਰਦਾਤਾ ਨੇਮਤ ਤੌਰ ਤੇ ਤੁਹਾਡੇ ਨਾਲ ਇਸ ਦੀ ਜਾਂਚ ਕਰੇਗਾ (ਸੇਵਾ ਸ਼ੁਰੂ ਹੋਣ ਦੇ ਤਿੰਨ ਮਹੀਨਿਆਂ ਦੇ ਅੰਦਰ ਅਤੇ ਉਸ ਤੋਂ ਬਾਅਦ ਘੱਟੋ-ਘੱਟ ਸਾਲ ਵਿੱਚ ਇੱਕ ਵਾਰੀ) ਕਿ ਸੇਵਾ ਤੁਹਾਡੀਆਂ ਉਨ੍ਹਾਂ ਲੋੜਾਂ ਨੂੰ ਪੂਰਾ ਕਰਦੀ ਹੈ ਜਿਨ੍ਹਾਂ ਦੀ ਤੁਹਾਡੀ ਵਿਅਕਤੀਗਤ ਯੋਜਨਾ ਵਿੱਚ ਪਛਾਣ ਕੀਤੀ ਜਾਂਦੀ ਹੈ।

5 ਤੁਹਾਨੂੰ ਜਿੰਨੀ ਛੇਤੀ ਸੰਭਵ ਹੋ ਸਕੇ ਤੁਹਾਡੇ ਘਰੇਲੂ ਸਮਰਥਨ ਵਿੱਚ ਕੋਈ ਵੀ ਅਚਾਨਕ ਹੋਈਆਂ ਤਬਦੀਲੀਆਂ ਬਾਰੇ ਦੱਸਿਆ ਜਾਵੇਗਾ।

6 ਤੁਸੀਂ ਸ਼ੁਲਕਾਂ ਵਿੱਚ ਕੋਈ ਵੀ ਤਬਦੀਲੀਆਂ ਬਾਰੇ ਜਾਣਦੇ ਹੋ ਅਤੇ ਇਹ ਜਾਣਦੇ ਹੋ ਕਿ ਇਹ ਕਿਵੇਂ ਅਤੇ ਕਦੋਂ ਹੋਣਗੀਆਂ।

7 ਤੁਸੀਂ ਜਾਣਦੇ ਹੋ ਕਿ ਘਰੇਲੂ ਸਮਰਥਨ ਸੇਵਾ ਪ੍ਰਦਾਤਾ ਦੇ ਨਾਲ ਕਿਵੇਂ ਸੰਪਰਕ ਕਰਨਾ ਹੈ ਜੇ ਤੁਹਾਡੇ ਘਰੇਲੂ ਸਮਰਥਨ ਕਾਰਜ-ਕਰਤਾ ਉਦੋਂ ਪ੍ਰਕਟ ਨਹੀਂ ਹੁੰਦੇ ਹਨ ਜਦੋਂ ਤੁਸੀਂ ਉਨ੍ਹਾਂ ਦੀ ਉਮੀਦ ਕਰ ਰਹੇ ਹੁੰਦੇ ਹੋ।

# 5-8

## ਸੇਵਾ ਦੀ ਵਰਤੋਂ ਕਰਨਾ

5 ਜੀਵਨਸ਼ੈਲੀ – ਸਮਾਜਕ, ਸੱਭਿਆਚਾਰਕ ਅਤੇ ਧਾਰਮਕ ਵਿਸ਼ਵਾਸ ਜਾਂ ਮਾਨਤਾ

6 ਪਸੰਦ ਅਤੇ ਸੰਚਾਰ

7 ਆਪਣੇ ਅਧਿਕਾਰਾਂ ਦੀ ਵਰਤੋਂ ਕਰਨਾ

8 ਆਪਣੇ ਵਿਚਾਰਾਂ ਨੂੰ ਪ੍ਰਕਟ ਕਰਨਾ

**ਰਾਸ਼ਟਰੀਦੇਖਭਾਲਮਾਨਕ**

**ਘਰੇਲੂ ਸਮਰਥਨ ਸੇਵਾਵਾਂ**

# ਸੇਵਾ ਦੀ ਵਰਤੋਂ ਕਰਨਾ

## ਮਾਨਕ 5-8 ਦੀ ਭੂਮਿਕਾ

### ਜੀਵਨਸ਼ੈਲੀ - ਸਮਾਜਕ, ਸੱਭਿਆਚਾਰਕ ਅਤੇ ਧਾਰਮਕ ਵਿਸ਼ਵਾਸ ਜਾਂ ਮਾਨਤਾ

ਇਸ ਸੈਕਸ਼ਨ ਵਿੱਚ ਮਾਨਕ ਇਸ ਗੱਲ ਨੂੰ ਸਪਸ਼ਟ ਕਰਦੇ ਹਨ ਕਿ ਤੁਸੀਂ ਉਦੋਂ ਆਪਣੇ ਖੁਦ ਦੇ ਸਮਾਜਕ, ਸੱਭਿਆਚਾਰਕ ਜਾਂ ਧਾਰਮਕ ਵਿਸ਼ਵਾਸਾਂ ਜਾਂ ਮਾਨਤਾਵਾਂ ਦੇ ਨਾਲ ਆਪਣੀ ਜ਼ਿੰਦਗੀ ਬਿਤਾਉਣ ਨੂੰ ਜਾਰੀ ਰੱਖ ਸਕਦੇ ਹੋ ਜਦੋਂ ਤੁਸੀਂ ਘਰੇਲੂ ਸਮਰਥਨ ਸੇਵਾਵਾਂ ਦੀ ਵਰਤੋਂ ਕਰ ਰਹੇ ਹੁੰਦੇ ਹੋ।

### ਪਸੰਦ ਅਤੇ ਸੰਚਾਰ

ਲੋਕ ਕਈ ਕਾਰਨਾਂ ਲਈ ਸੰਚਾਰ ਦੀਆਂ ਵੱਖ-ਵੱਖ ਭਾਸ਼ਾਵਾਂ ਜਾਂ ਤਰੀਕਿਆਂ ਦੀ ਵਰਤੋਂ ਕਰ ਸਕਦੇ ਹਨ। ਸਿੱਟੇ ਵਜੋਂ ਉਨ੍ਹਾਂ ਨੂੰ ਆਪਣੇ-ਆਪ ਨੂੰ ਸਮਝਾਉਣ ਵਿੱਚ ਮੁਸ਼ਕਲ ਹੋਈ ਹੋ ਸਕਦੀ ਹੈ। ਪਰ ਸੰਚਾਰ ਕਰਨ ਦੇ ਯੋਗ ਹੋਣਾ ਰੋਜ਼ ਦੇ ਜੀਵਨ ਵਿੱਚ ਭਾਗ ਲੈਣ ਦਾ ਇੱਕ ਜ਼ਰੂਰੀ ਹਿੱਸਾ ਹੈ ਅਤੇ ਤੁਹਾਨੂੰ ਅਜਿਹਾ ਕਰਨ ਵਿੱਚ ਮਦਦ ਪ੍ਰਾਪਤ ਕਰਨ ਲਈ ਇਸ ਦੀ ਚੋਣ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਤੁਹਾਡੇ ਕੋਲ ਘਰੇਲੂ ਸਮਰਥਨ ਸੇਵਾ ਦੁਆਰਾ ਮਦਦ ਅਤੇ ਸਮਰਥਨ ਪ੍ਰਦਾਨ ਕੀਤੇ ਜਾਣ ਤੇ, ਆਪਣੇ ਜੀਵਨ ਬਾਰੇ ਫੈਸਲਿਆਂ ਨੂੰ ਕਰਨ ਦਾ ਅਧਿਕਾਰ ਹੈ।

### ਆਪਣੇ ਅਧਿਕਾਰਾਂ ਦੀ ਵਰਤੋਂ ਕਰਨਾ - ਆਪਣੇ ਵਿਚਾਰਾਂ ਨੂੰ ਵਿਅਕਤ ਕਰਨਾ

ਘਰੇਲੂ ਸਮਰਥਨ ਸੇਵਾ ਦੇ ਸਟਾਫ ਦਾ ਹਮੇਸ਼ਾ ਤੁਹਾਡੇ ਅਧਿਕਾਰਾਂ ਦਾ ਸਤਿਕਾਰ ਕਰਨਾ ਅਤੇ ਉਨ੍ਹਾਂ ਨੂੰ ਵਧਾਵਾ ਦੇਣਾ ਲਾਜ਼ਮੀ ਹੈ। ਉਨ੍ਹਾਂ ਦਾ ਇਹ ਯਕੀਨੀ ਬਣਾਉਣਾ ਲਾਜ਼ਮੀ ਹੈ ਕਿ ਤੁਸੀਂ ਸੇਵਾ ਦੀ ਗੁਣਵੱਤਾ ਬਾਰੇ ਆਪਣੇ ਵਿਚਾਰਾਂ ਅਤੇ ਇਸ ਦੇ ਆਪਣੇ ਅਨੁਭਵ ਨੂੰ ਵਿਅਕਤ ਕਰ ਸਕਦੇ ਹੋ, ਅਤੇ ਉਹ ਤੁਹਾਡੀਆਂ ਟਿੱਪਣੀਆਂ, ਚਿੰਤਾਵਾਂ ਅਤੇ ਸ਼ਿਕਾਇਤਾਂ ਨੂੰ ਗੰਭੀਰਤਾ ਨਾਲ ਲੈਂਦੇ ਹਨ। ਉਹ ਇਸ ਵਿੱਚ ਯੋਗਦਾਨ ਪਾਉਣ ਅਤੇ ਪ੍ਰਭਾਵਿਤ ਕਰਨ ਦਾ ਤੁਹਾਡਾ ਤਰੀਕਾ ਹਨ ਕਿ ਸੇਵਾਵਾਂ ਨੂੰ ਕਿਵੇਂ ਪ੍ਰਦਾਨ ਕੀਤਾ ਜਾਂਦਾ ਹੈ।

# ਜੀਵਨਸ਼ੈਲੀ - ਸਮਾਜਕ, ਸੱਭਿਆਚਾਰਕ ਅਤੇ ਧਾਰਮਕ ਵਿਸ਼ਵਾਸ ਜਾਂ ਮਾਨਤਾ

## ਮਾਨਕ 5

**ਤੁਹਾਡੇ ਸਮਾਜਕ, ਸੱਭਿਆਚਾਰਕ ਅਤੇ ਧਾਰਮਕ ਵਿਸ਼ਵਾਸ ਜਾਂ ਮਾਨਤਾ ਦਾ ਸੇਵਾ ਦੀ ਪੂਰਤੀ ਕਰਨ ਵਿੱਚ ਪ੍ਰਦਾਤਾ ਦੁਆਰਾ ਸਤਿਕਾਰ ਕੀਤਾ ਜਾਂਦਾ ਹੈ। ਤੁਸੀਂ ਇਨ੍ਹਾਂ ਮਾਨਤਾਵਾਂ ਦੇ ਨਾਲ ਆਪਣਾ ਜੀਵਨ ਬਿਤਾ ਸਕਦੇ ਹੋ।**

1. ਤੁਹਾਡੇ ਨਾਲ ਅਨੂਠੀਆਂ ਲੋੜਾਂ ਵਾਲੇ ਵਿਅਕਤੀ ਵਜੋਂ ਵਿਹਾਰ ਕੀਤਾ ਜਾਂਦਾ ਹੈ।
2. ਸਟਾਫ ਨੂੰ ਇਹ ਪਤਾ ਹੋਵੇਗਾ ਕਿ ਤੁਹਾਡੇ ਸਮਾਜਕ, ਸੱਭਿਆਚਾਰਕ ਅਤੇ ਧਾਰਮਕ ਵਿਸ਼ਵਾਸ ਜਾਂ ਮਾਨਤਾ ਇਸ ਲਈ ਕੀ ਮਾਇਨੇ ਰੱਖਣਗੇ ਜਿਸ ਤਰ੍ਹਾਂ ਤੁਸੀਂ ਆਪਣੀ ਜਿੰਦਗੀ ਨੂੰ ਜਿਉਂਦੇ ਹੋ।
3. ਜਿੱਥੇ ਜਰੂਰੀ ਹੋਵੇ, ਤੁਸੀਂ ਧਾਰਮਕ, ਸੱਭਿਆਚਾਰਕ ਅਤੇ ਆਤਮਿਕ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਮਦਦ ਪ੍ਰਾਪਤ ਕਰਦੇ ਹੋ।
4. ਤੁਹਾਡੀ ਲਿੰਗਤਾ ਨੂੰ ਸਵੀਕਾਰ ਕੀਤਾ ਜਾਂਦਾ ਹੈ ਅਤੇ ਤੁਹਾਡੀਆਂ ਉੱਚਿਤ ਲਿੰਗੀ ਲੋੜਾਂ ਅਤੇ ਤਰਜੀਹਾਂ ਨੂੰ ਤੁਹਾਡੇ ਲਈ ਮਹੱਤਵਪੂਰਨ ਹੋਣ ਵਜੋਂ ਦੇਖਿਆ ਜਾਂਦਾ ਹੈ।

## ਪਸੰਦ ਅਤੇ ਸੰਚਾਰ

## ਮਾਨਕ 6

**ਤੁਹਾਡੀ ਉਸ ਸੇਵਾ ਬਾਰੇ, ਜਿਸ ਨੂੰ ਪ੍ਰਦਾਨ ਕੀਤਾ ਜਾਂਦਾ ਹੈ, ਅਤੇ ਇਸ ਵਿੱਚ ਵਿਕਲਪਾਂ ਦੀ ਚੋਣ ਕਰਨ ਲਈ ਘਰੇਲੂ ਸਮਰਥਨ ਸਟਾਫ ਦੁਆਰਾ ਮਦਦ ਕੀਤੀ ਜਾ ਸਕਦੀ ਹੈ ਕਿ ਇਹ ਤੁਹਾਡੇ ਵਿਅਕਤੀਗਤ ਅਤੇ ਸਮਾਜਕ ਜੀਵਨ ਨਾਲ ਕਿਵੇਂ ਸਬੰਧ ਸਥਾਪਤ ਕਰਦੇ ਹਨ।**

1 ਤੁਹਾਨੂੰ ਉਨ੍ਹਾਂ ਵਿਕਲਪਾਂ, ਜੋ ਕਿ ਤੁਹਾਡੇ ਲਈ ਉਪਲਬਧ ਹੁੰਦੇ ਹਨ, ਅਤੇ ਉਸ ਪ੍ਰਭਾਵ ਬਾਰੇ, ਜੋ ਕਿ ਤੁਹਾਡੇ ਤੇ ਹੋਣਗੇ, ਚੰਗੀ ਜਾਣਕਾਰੀ ਦਿੱਤੀ ਜਾਂਦੀ ਹੈ। ਜੇ ਤੁਸੀਂ ਇੱਛਾ ਕਰਦੇ ਹੋ, ਤਾਂ ਤੁਸੀਂ ਸੁਤੰਤਰ ਨੁਮਾਇੰਦੇ ਲਈ ਜਾਂ ਮਾਹਰ ਸਲਾਹ ਲਈ ਕਹਿ ਸਕਦੇ ਹੋ।

2 ਤੁਸੀਂ ਉਦੋਂ ਤਕ ਇਨ੍ਹਾਂ ਵਿਕਲਪਾਂ ਦਾ ਸੰਚਾਲਨ ਕਰਨ ਲਈ ਸੁਤੰਤਰ ਹੋ ਜੱਦ ਤਕ ਕੋਈ ਖਾਸ ਕਨੂੰਨੀ ਪ੍ਰਾਵਧਾਨ ਤੁਹਾਡੇ ਤੇ ਲਾਗੂ ਨਹੀਂ ਹੁੰਦਾ ਹੈ।

3 ਤੁਹਾਨੂੰ ਵਿਸ਼ਵਾਸ ਦਵਾਇਆ ਜਾ ਸਕਦਾ ਹੈ ਕਿ ਘਰੇਲੂ ਸਮਰਥਨ ਸੇਵਾ ਦੇ ਪ੍ਰਦਾਤਾ ਦੇ ਤੁਹਾਡੇ ਘਰੇਲੂ ਸਮਰਥਨ ਸਟਾਫ ਨੂੰ ਤੁਹਾਡੀਆਂ ਇੱਛਾਵਾਂ ਬਾਰੇ ਦੱਸਣ ਦੇ ਸਪਸ਼ਟ ਤਰੀਕੇ ਹੁੰਦੇ ਹਨ ਇਸ ਤਰ੍ਹਾਂ ਤੁਹਾਨੂੰ ਬਾਰ-ਬਾਰ ਗੱਲਾਂ ਨੂੰ ਦੋਹਰਾਉਣ ਦੀ ਲੋੜ ਨਹੀਂ ਹੁੰਦੀ ਹੈ।

# ਆਪਣੇ ਅਧਿਕਾਰਾਂ ਦੀ ਵਰਤੋਂ ਕਰਨਾ

## ਮਾਨਕ 7

**ਤੁਸੀਂ ਆਪਣੇ ਅਧਿਕਾਰਾਂ ਨੂੰ ਵਿਅਕਤੀਗਤ ਹੋਣ ਵਜੋਂ ਰੱਖਦੇ ਹੋ।**

1 ਤੁਹਾਡੀ ਵਿਅਕਤੀਗਤ ਯੋਜਨਾ ਸੇਵਾ ਦੇ ਉਪਭੋਗਤਾ ਵਜੋਂ ਤੁਹਾਡੇ ਅਧਿਕਾਰਾਂ ਅਤੇ ਜ਼ੁੰਮੇਵਾਰੀਆਂ ਦੀ ਵਿਆਖਿਆ ਕਰਦੀ ਹੈ, ਅਤੇ ਤੁਸੀਂ ਜਾਣਦੇ ਹੋ ਕਿ ਤੁਹਾਡੇ ਤੋਂ ਕੀ ਉਮੀਦ ਕੀਤੀ ਜਾਂਦੀ ਹੈ ਅਤੇ ਤੁਸੀਂ ਘਰੇਲੂ ਸਮਰਥਨ ਸਟਾਫ ਤੋਂ ਕੀ ਉਮੀਦ ਕਰ ਸਕਦੇ ਹੋ।

2 ਤੁਸੀਂ ਘਰੇਲੂ ਸਮਰਥਨ ਸਟਾਫ ਤੋਂ ਦੁਰ-ਵਿਹਾਰ ਦੇ ਕਿਸੇ ਵੀ ਰੂਪ ਤੋਂ ਪੀੜਤ ਨਹੀਂ ਹੋਵੋਗੇ।

3 ਤੁਹਾਡੇ ਕੋਲ ਉਦੋਂ ਤਕ ਗੁੱਪਤਤਾ ਦਾ ਅਧਿਕਾਰ ਹੈ, ਜੱਦ ਤਕ ਕੋਈ ਖਾਸ ਕਨੂੰਨੀ ਪ੍ਰਾਵਧਾਨ ਲਾਗੂ ਨਹੀਂ ਹੁੰਦਾ ਹੈ। ਤੁਹਾਡੀ ਵਿਅਕਤੀਗਤ ਯੋਜਨਾ ਵਿਆਖਿਆ ਕਰਦੀ ਹੈ ਕਿ ਤੁਹਾਡੇ ਬਾਰੇ ਜਾਣਕਾਰੀ ਨਾਲ ਕਿਵੇਂ ਵਿਹਾਰ ਕੀਤਾ ਜਾਵੇਗਾ ਅਤੇ ਕਿਵੇਂ ਤੁਹਾਡੀ ਗੁੱਪਤਤਾ ਦੀ ਰੱਖਿਆ ਕੀਤੀ ਜਾਵੇਗੀ।

4 ਤੁਹਾਨੂੰ ਘਰੇਲੂ ਸਮਰਥਨ ਪ੍ਰਦਾਤਾ ਨੂੰ ਕੋਈ ਵੀ ਜਾਣਕਾਰੀ ਪ੍ਰਦਾਨ ਕਰਨ ਦੀ ਲੋੜ ਨਹੀਂ ਹੁੰਦੀ ਹੈ ਜੋ ਕਿ ਤੁਹਾਡੀਆਂ ਘਰੇਲੂ ਸਮਰਥਨ ਸੇਵਾਵਾਂ ਲਈ ਜਰੂਰੀ ਨਹੀਂ ਹੁੰਦੀ ਹੈ। ਘਰੇਲੂ ਸਮਰਥਨ ਪ੍ਰਦਾਤਾ ਤੁਹਾਨੂੰ ਇਹ ਦੱਸੇਗਾ ਕਿ ਉਨ੍ਹਾਂ ਨੂੰ ਤੁਹਾਡੇ ਬਾਰੇ ਜਾਣਕਾਰੀ ਦੀ ਲੋੜ ਕਿਉਂ ਹੁੰਦੀ ਹੈ।

5 ਤੁਹਾਡੀ ਵਿਅਕਤੀਗਤ ਜਾਣਕਾਰੀ ਨੂੰ ਸੁਰੱਖਿਅਤ ਰੱਖਿਆ ਜਾਵੇਗਾ ਅਤੇ ਅਸਾਨੀ ਨਾਲ ਤੁਹਾਨੂੰ ਅਤੇ ਉਸ ਕਿਸੇ ਵੀ ਹੋਰ ਵਿਅਕਤੀ ਨੂੰ ਉਪਲਬਧ ਕਰਾਇਆ ਜਾਵੇਗਾ ਜਿਸ ਨੂੰ ਤੁਸੀਂ ਚਾਹੁੰਦੇ ਹੋ ਕਿ ਉਹ ਇਸ ਨੂੰ ਦੇਖਣ ਦੇ ਯੋਗ ਹੋਵੇ।

6 ਤੁਹਾਡਾ ਘਰੇਲੂ ਸਮਰਥਨ ਕਾਰਜ-ਕਰਤਾ ਉਦੋਂ ਤੁਹਾਡੀ ਨਿਜਤਾ ਦਾ ਸਤਿਕਾਰ ਕਰੇਗਾ ਜਦੋਂ ਉਹ ਤੁਹਾਡੇ ਨਾਲ ਗੱਲ ਕਰ ਰਿਹਾ ਹੁੰਦਾ ਹੈ ਅਤੇ ਜਦੋਂ ਉਹ ਤੁਹਾਡੇ ਘਰ ਵਿੱਚ ਰਹਿਣ ਵਾਲੇ ਜਾਂ ਦੌਰਾ ਕਰਨ ਵਾਲੇ ਹੋਰ ਲੋਕਾਂ ਦੇ ਨਾਲ ਗੱਲ ਕਰ ਰਿਹਾ ਹੁੰਦਾ ਹੈ।

7 ਤੁਹਾਡਾ ਘਰੇਲੂ ਸਮਰਥਨ ਕਾਰਜ-ਕਰਤਾ ਤੁਹਾਡੇ, ਤੁਹਾਡੇ ਘਰ ਜਾਂ ਤੁਹਾਡੇ ਪਰਿਵਾਰ ਬਾਰੇ ਚੁਗਲੀ ਨਹੀਂ ਕਰੇਗਾ।

8 ਤੁਹਾਡੇ ਕੋਲ ਇੱਕ ਘਰੇਲੂ ਸਮਰਥਨ ਕਾਰਜ-ਕਰਤਾ ਹੋਵੇਗਾ ਜੋ ਕਿ ਘਰੇਲੂ ਸਮਰਥਨ ਸੇਵਾ ਪ੍ਰਦਾਤਾ ਦੇ ਨਾਲ ਤੁਹਾਡੇ ਆਮ ਸੰਪਰਕ ਵਿੱਚ ਹੋਵੇਗਾ।

9 ਤੁਹਾਡਾ ਘਰੇਲੂ ਸਮਰਥਨ ਕਾਰਜ-ਕਰਤਾ ਸ਼ਾਂਤੀ ਅਤੇ ਤੇਜੀ ਨਾਲ ਮਦਦ ਕਰਨ ਲਈ ਤੁਹਾਡੀਆਂ ਬੇਨਤੀਆਂ ਦੇ ਨਾਲ ਵਿਹਾਰ ਕਰੇਗਾ।

# ਆਪਣੇ ਵਿਚਾਰਾਂ ਨੂੰ ਵਿਅਕਤ ਕਰਨਾ

## ਮਾਨਕ 8

**ਤੁਹਾਨੂੰ ਘਰੇਲੂ ਸਮਰਥਨ ਸੇਵਾ ਦੇ ਕੋਈ ਵੀ ਪੈਹਲੂਆਂ ਤੇ ਆਪਣੇ ਵਿਚਾਰਾਂ ਨੂੰ ਵਿਅਕਤ ਕਰਨ ਲਈ ਉਤਸ਼ਾਹਤ ਕੀਤਾ ਜਾਂਦਾ ਹੈ ਅਤੇ ਇਸ ਵਿੱਚ ਤੁਹਾਡੀ ਮਦਦ ਕੀਤੀ ਜਾਂਦੀ ਹੈ।**

1 ਤੁਸੀਂ ਜਾਣਦੇ ਹੋ ਕਿ ਸੇਵਾ ਬਾਰੇ ਘਰੇਲੂ ਸਮਰਥਨ ਪ੍ਰਦਾਤਾ ਨੂੰ ਕੋਈ ਸ਼ਿਕਾਇਤ ਜਾਂ ਟਿੱਪਣੀ ਕਿਵੇਂ ਕਰਨੀ ਹੈ। ਤੁਸੀਂ ਕੇਅਰ ਕਮਿਸ਼ਨ ਨੂੰ ਸਿੱਧਾ ਸ਼ਿਕਾਇਤਾਂ ਕਰਨ ਲਈ ਪਰਕਿਰਿਆ ਬਾਰੇ ਵੀ ਜਾਣਦੇ ਹੋ।

2 ਤੁਹਾਨੂੰ ਉਦੋਂ ਆਪਣਾ ਨਾਂ ਦੇਣ ਦੀ ਲੋੜ ਨਹੀਂ ਹੁੰਦੀ ਹੈ ਜਦੋਂ ਤੁਸੀਂ ਕੋਈ ਟਿੱਪਣੀ ਜਾਂ ਸ਼ਿਕਾਇਤ ਕਰਦੇ ਹੋ।

3 ਤੁਹਾਨੂੰ ਪਤਾ ਹੋਵੇਗਾ ਕਿ ਘਰੇਲੂ ਸਮਰਥਨ ਪ੍ਰਦਾਤਾ ਸਮਰਥਨ ਦੀ ਗੁਣਵੱਤਾ ਦਾ ਨਿਰੀਖਣ ਕਿਵੇਂ ਕਰਦਾ ਹੈ ਜਿਸ ਦੀ ਪੇਸ਼ਕਸ਼ ਕੀਤੀ ਜਾਂਦੀ ਹੈ।

4 ਤੁਹਾਨੂੰ ਵਿਸ਼ਵਾਸ ਦਵਾਇਆ ਜਾ ਸਕਦਾ ਹੈ ਕਿ ਘਰੇਲੂ ਸਮਰਥਨ ਸੇਵਾ ਦਾ ਪ੍ਰਦਾਤਾ ਤੇਜੀ ਅਤੇ ਹਮਦਰਦੀ ਦੇ ਨਾਲ ਚਿੰਤਾਵਾਂ ਅਤੇ ਸ਼ਿਕਾਇਤਾਂ ਨਾਲ ਵਿਹਾਰ ਕਰਦਾ ਹੈ, ਅਤੇ ਇਸ ਬਾਰੇ ਪੂਰੀ ਜਾਣਕਾਰੀ ਪ੍ਰਦਾਨ ਕਰਦਾ ਹੈ ਕਿ ਸ਼ਿਕਾਇਤ ਦੇ ਸਿੱਟੇ ਵਜੋਂ ਕੀ ਹੋਵੇਗਾ।

5 ਜੇ ਤੁਸੀਂ ਇੱਛਾ ਕਰਦੇ ਹੋ, ਤਾਂ ਤੁਹਾਡੀ ਸੁਤੰਤਰ ਅਤੇ ਗੁੱਪਤ ਸਮਰਥਨ ਦੀ ਸੇਵਾ ਦੀ ਵਰਤੋਂ ਕਰਨ ਲਈ ਮਦਦ ਅਤੇ ਸਹਾਇਤਾ ਕੀਤੀ ਜਾਂਦੀ ਹੈ ਜੋ ਕਿ ਤੁਹਾਡੇ ਲਈ ਕਿਰਿਆ ਕਰ ਸਕਦੀ ਹੈ। ਸਟਾਫ ਕੋਲ ਉਸ ਕਿਸੇ ਵੀ ਸੇਵਾ ਬਾਰੇ ਜਾਣਕਾਰੀ ਹੋਵੇਗੀ ਜੋ ਕਿ ਇਸ ਢੰਗ ਨਾਲ ਤੁਹਾਡੀ ਮਦਦ ਕਰੇਗੀ।

6 ਜੇ ਤੁਹਾਡਾ ਕੋਈ ਸੁਤੰਤਰ ਨੁਮਾਇੰਦਾ ਹੈ (ਉਦਾਹਰਨ ਲਈ, ਇੱਕ ਸੁਤੰਤਰ ਵਕੀਲ), ਤਾਂ ਸਟਾਫ ਉਸ ਦੀ ਗੱਲ ਨੂੰ ਸੁਣੇਗਾ ਜੋ ਕਿ ਉਸ ਨੂੰ ਤੁਹਾਡੇ ਵਲੋਂ ਕਹਿਣ ਦੀ ਲੋੜ ਹੋਵੇਗੀ, ਜਿਵੇਂ ਕਿ ਤੁਸੀਂ ਆਪਣੇ ਵਿਚਾਰਾਂ ਨੂੰ ਵਿਅਕਤ ਕਰ ਰਹੇ ਸੀ।

7 ਤੁਸੀਂ ਆਪਣੀ ਸੇਵਾ ਦੀ ਕੇਅਰ ਕਮਿਸ਼ਨ ਦੀ ਜਾਂਚ ਵਿੱਚ ਇੱਕ ਭੂਮਿਕਾ ਨਿਭਾ ਸਕਦੇ ਹੋ।

8 ਤੁਸੀਂ ਜਾਣਦੇ ਹੋ ਕਿ ਘਰੇਲੂ ਸਮਰਥਨ ਸੇਵਾ ਦਾ ਪ੍ਰਬੰਧਕ ਹਰ ਜਾਂਚ ਦੀ ਰਿਪੋਰਟ ਦੀ ਨਕਲ ਨੂੰ ਉਪਲਬਧ ਕਰਾਵੇਗਾ ਤਾਂ ਕਿ ਤੁਸੀਂ ਅਤੇ ਤੁਹਾਡਾ ਨੁਮਾਇੰਦਾ ਇਸ ਤੇ ਨਜ਼ਰ ਮਾਰ ਸਕੋ।

# 9

## ਸੇਵਾ ਨੂੰ ਛੱਡਣ ਜਾਂ ਸਮਾਪਤ ਕਰਨ ਦੀ ਚੋਣ ਕਰਨਾ

9 ਸੇਵਾ ਨੂੰ ਛੱਡਣ ਜਾਂ ਸਮਾਪਤ ਕਰਨ ਦੀ ਚੋਣ ਕਰਨਾ

# ਸੇਵਾ ਨੂੰ ਛੱਡਣ ਜਾਂ ਸਮਾਪਤ ਕਰਨ ਦੀ ਚੋਣ ਕਰਨਾ

## ਮਾਨਕ 9 ਦੀ ਭੂਮਿਕਾ

ਸੇਵਾ ਨੂੰ ਛੱਡਣ ਜਾਂ ਸਮਾਪਤ ਕਰਨ ਦੀ ਚੋਣ ਕਰਨਾ ਇੱਕ ਸਕਾਰਾਤਮਕ ਅਨੁਭਵ ਹੋਣਾ ਚਾਹੀਦਾ ਹੈ। ਤੁਹਾਨੂੰ ਇਸ ਦੀ ਚੋਣ ਕਰਨ ਦੇ ਯੋਗ ਹੋਣਾ ਚਾਹੀਦਾ ਹੈ ਕਿ ਸੇਵਾ ਨੂੰ ਕਦੋਂ ਛੱਡਣਾ ਜਾਂ ਸਮਾਪਤ ਕਰਨਾ ਹੈ।

ਜੇ ਸੇਵਾ ਨੂੰ ਸਮਾਪਤ ਕਰਨ ਦੀ ਚੋਣ ਕਰਨਾ ਸਫਲ ਹੋ ਜਾਂਦਾ ਹੈ, ਤਾਂ ਤੁਹਾਡਾ ਆਪਣਾ ਸਮਾਂ ਲੈਣ ਦੇ ਯੋਗ ਹੋਣਾ ਲਾਜ਼ਮੀ ਹੈ। ਤੁਹਾਡਾ ਆਪਣੇ ਆਲੇ-ਦੁਆਲੇ ਦੇ ਲੋਕਾਂ ਦੁਆਰਾ ਸਮਰਥਨ ਕਰਨਾ ਲਾਜ਼ਮੀ ਹੈ।

# ਮਾਨਕ 9

**ਤੁਸੀਂ ਅਤੇ ਘਰੇਲੂ ਸਮਰਥਨ ਸੇਵਾ ਪ੍ਰਦਾਤਾ ਇਸ ਦੀ ਯੋਜਨਾ ਅਤੇ ਇਸ ਬਾਰੇ ਚਰਚਾ ਕਰਣਗੇ ਕਿ ਸੇਵਾ ਨੂੰ ਸਮਾਪਤ ਕਿਵੇਂ ਕਰਨਾ ਹੈ।**

1. ਤੁਹਾਨੂੰ ਉਸ ਕਿਸੇ ਵੀ ਕਿਰਿਆ ਬਾਰੇ ਪਤਾ ਹੋਵੇਗਾ ਜਿਸ ਨੂੰ ਇਕਰਾਰਨਾਮੇ, ਸੇਵਾ ਜਾਂ ਘਰੇਲੂ ਸਮਰਥਨ ਦੇ ਪ੍ਰਬੰਧਨ ਨੂੰ ਸਮਾਪਤ ਕਰਨ ਲਈ ਕੀਤਾ ਜਾ ਰਿਹਾ ਹੈ (ਆਮ ਤੌਰ ਤੇ ਤੁਹਾਡੇ ਰਾਜ਼ੀਨਾਮੇ ਦੇ ਨਾਲ)।
2. ਤੁਹਾਡੇ ਨਾਲ ਤੁਹਾਡੀਆਂ ਵਿਅਕਤੀਗਤ ਯੋਜਨਾ ਸਮੀਖਿਆਵਾਂ ਤੇ ਤੁਹਾਡੀ ਘਰੇਲੂ ਸਮਰਥਨ ਸੇਵਾ ਨੂੰ ਸਮਾਪਤ ਕਰਨ ਬਾਰੇ ਚਰਚਾ ਕੀਤੀ ਜਾਵੇਗੀ।
3. ਤੁਹਾਡਾ ਘਰੇਲੂ ਸਮਰਥਨ ਸੇਵਾ ਪ੍ਰਦਾਤਾ ਤੁਹਾਡੀ ਮਦਦ ਕਰੇਗਾ ਜੇ ਤੁਸੀਂ ਕਿਸੇ ਵੱਖਰੀ ਸੇਵਾ ਦੀ ਵਰਤੋਂ ਕਰਨ ਦਾ ਫੈਸਲਾ ਕਰਦੇ ਹੋ।
4. ਤੁਸੀਂ ਆਪਣੇ ਘਰੇਲੂ ਸਮਰਥਨ ਪ੍ਰਦਾਤਾ ਦੇ ਨਾਲ ਇਸ ਬਾਰੇ ਗੱਲ ਕਰਨ ਤੋਂ ਬਾਅਦ ਆਪਣੀ ਘਰੇਲੂ ਸਮਰਥਨ ਸੇਵਾ ਨੂੰ ਸਮਾਪਤ ਕਰ ਸਕਦੇ ਹੋ।
5. ਤੁਹਾਨੂੰ ਪਤਾ ਹੋਵੇਗਾ ਕਿ ਉਦੋਂ ਉਨ੍ਹਾਂ ਕੋਈ ਵੀ ਰਿਕਾਰਡਾਂ ਦੇ ਨਾਲ ਕੀ ਹੋਵੇਗਾ ਜੋ ਕਿ ਤੁਹਾਡੇ ਨਾਲ ਸਬੰਧਤ ਹੁੰਦੇ ਹਨ ਜਦੋਂ ਘਰੇਲੂ ਸਮਰਥਨ ਸੇਵਾ ਸਮਾਪਤ ਹੁੰਦੀ ਹੈ ਜਾਂ ਇਸ ਵਿੱਚ ਤਬਦੀਲੀ ਹੁੰਦੀ ਹੈ। ਜੇ ਤੁਹਾਡੇ ਰਿਕਾਰਡਾਂ ਨੂੰ ਇੱਕ ਨਵੇਂ ਘਰੇਲੂ ਸਮਰਥਨ ਪ੍ਰਦਾਤਾ ਕੋਲ ਪਾਰਿਤ ਕੀਤੇ ਜਾਣ ਦੀ ਲੋੜ ਹੁੰਦੀ ਹੈ, ਤਾਂ ਉਨ੍ਹਾਂ ਨੂੰ ਪੂਰਾ ਅਤੇ ਅਪ ਟੂ ਡੇਟ ਕੀਤਾ ਜਾਵੇਗਾ, ਅਤੇ ਉਨ੍ਹਾਂ ਨੂੰ ਤੁਹਾਡੀ ਸ਼ਮੂਲਿਅਤ ਅਤੇ ਰਾਜ਼ੀਨਾਮੇ ਦੇ ਨਾਲ ਇਕੱਠਿਆਂ ਹੀ ਪਾ ਦਿੱਤਾ ਜਾਵੇਗਾ।

# ਅੰਤਕਾ ੲੇ

# ਅੰਤਕਾ ਏ

## ਸ਼ਬਦਾਵਲੀ

### ਵਕੀਲ ਜਾਂ ਵਕਾਲਤ

ਉਹ ਵਿਅਕਤੀ ਜੋ ਕਿ ਸੇਵਾ ਦੇ ਕਿਸੇ ਵੀ ਪੈਹਲੂ ਜਾਂ ਸੇਵਾ ਲਈ, ਜਾਂ ਇਸ ਨੂੰ ਪ੍ਰਦਾਨ ਕਰਨ, ਭੁਗਤਾਨ ਕਰਨ ਵਿੱਚ ਸ਼ਾਮਲ ਕਿਸੇ ਵੀ ਕਨੂੰਨੀ ਏਜੰਸੀ ਤੋਂ ਸੁਤੰਤਰ ਹੁੰਦਾ ਹੈ। ਉਹ ਸੇਵਾ ਦੀ ਵਰਤੋਂ ਕਰਨ ਵਾਲੇ ਵਿਅਕਤੀ ਵਲੋਂ, ਅਤੇ ਉਸ ਦੇ ਹਿੱਤਾਂ ਵਿੱਚ ਕਿਰਿਆ ਕਰਦੇ ਹਨ। ਵਕੀਲ ਵਿਅਕਤੀ ਦੀ ਆਪਣੇ-ਆਪ ਨੂੰ ਵਿਅਕਤ ਕਰਨ ਵਿੱਚ ਮਦਦ ਕਰਦਾ ਹੈ।

### ਦੇਖਭਾਲ ਕਰਨ ਵਾਲਾ ਵਿਅਕਤੀ

ਉਹ ਵਿਅਕਤੀ ਜੋ ਪਰਿਵਾਰ, ਸਾਥੀਆਂ ਜਾਂ ਦੋਸਤਾਂ ਦੀ ਦੇਖਭਾਲ ਕਰਦਾ ਹੈ ਜਿਨ੍ਹਾਂ ਨੂੰ ਮਦਦ ਦੀ ਲੋੜ ਹੁੰਦੀ ਹੈ ਕਿਉਂਕਿ ਉਹ ਬਿਮਾਰ, ਕਮਜ਼ੋਰ ਜਾਂ ਅਪਾਹਜ ਹਨ। ਉਸ ਦੇਖਭਾਲ ਦਾ ਭੁਗਤਾਨ ਨਹੀਂ ਕੀਤਾ ਜਾਂਦਾ ਹੈ ਜੋ ਕਿ ਉਹ ਪ੍ਰਦਾਨ ਕਰਦੇ ਹਨ।

### ਸ਼ਿਕਾਇਤਾਂ ਦੀ ਪਰਕਿਰਿਆ

ਉਹ ਸਪਸ਼ਟ ਪਰਕਿਰਿਆਵਾਂ ਜੋ ਸੇਵਾ ਦੀ ਵਰਤੋਂ ਕਰਨ ਵਾਲੇ ਵਿਅਕਤੀ ਜਾਂ ਸੇਵਾ ਦੇ ਕਿਸੇ ਵੀ ਪੈਹਲੂ ਬਾਰੇ ਟਿੱਪਣੀ ਜਾਂ ਸ਼ਿਕਾਇਤ ਕਰਨ ਵਾਲੇ ਕਿਸੇ ਹੋਰ ਵਿਅਕਤੀ ਦੀ ਮਦਦ ਕਰਦੀਆਂ ਹਨ।

### ਫੋਰਮੈਟ

ਇੱਕ ਅਜਿਹੇ ਰੂਪ ਵਿੱਚ ਪ੍ਰਸਤੁਤ ਕੀਤੀ ਜਾਣਕਾਰੀ ਜੋ ਕਿ ਤੁਹਾਡੇ ਲਈ ਉੱਚਿਤ ਹੈ। ਇਹ ਟੇਪ ਤੇ ਜਾਂ ਡਿਸਕ ਤੇ ਅਸਾਨੀ ਨਾਲ ਪੜਣ ਵਾਲੀ ਭਾਸ਼ਾ, ਬ੍ਰੇਲ ਲਿੱਪੀ ਵਿੱਚ ਹੋ ਸਕਦੀ ਹੈ।

### ਵਿਅਕਤੀਗਤ ਯੋਜਨਾ

ਇਸ ਬਾਰੇ ਯੋਜਨਾ ਕਿ ਘਰੇਲੂ ਸਮਰਥਨ ਸੇਵਾ ਨੂੰ ਕਿਵੇਂ ਪ੍ਰਦਾਨ ਕੀਤਾ ਜਾਵੇਗਾ, ਇਸ ਦਾ ਤੁਹਾਡੇ (ਅਤੇ/ਜਾਂ ਤੁਹਾਡੇ ਨੁਮਾਇੰਦੇ) ਅਤੇ ਸੇਵਾ ਪ੍ਰਦਾਤਾ ਦੇ ਵਿੱਚ ਕਿਵੇਂ ਰਾਜ਼ੀਨਾਮਾ ਕੀਤਾ ਜਾਵੇਗਾ।

### ਅਚਾਨਕ ਰੋਕ ਲਗਾਉਣਾ

ਅਜਿਹੀ ਗੁੱਪਤ ਜਾਣਕਾਰੀ ਦਾ ਕਿਸੇ ਮੁਲਾਜ਼ਮ (ਜਾਂ ਪੇਸ਼ੇਵਰ) ਦੁਆਰਾ ਖੁਲਾਸਾ ਜੋ ਕਿਸੇ ਖਤਰੇ, ਧੌਖੇ ਜਾਂ ਕੰਮ ਦੀ ਥਾਂ ਨਾਲ ਸਬੰਧਤ ਕਿਸੇ ਹੋਰ ਗੈਰ-ਕਨੂੰਨੀ ਜਾਂ ਅਨੈਤਿਕ ਸੰਚਾਲਨ ਨਾਲ ਸਬੰਧਤ ਹੁੰਦੀ ਹੈ, ਇਹ ਮਾਲਕ ਦੀ ਜਾਂ ਉਸ ਦੇ ਸਾਥੀ ਮੁਲਾਜ਼ਮਾਂ ਦੀ ਹੋ ਸਕਦੀ ਹੈ। (ਲੋਰਡ ਬੈਰੀ ਕਯਾਊਸੀ 1995)

# ਅੰਤਕਾ ਬੀ

**ਰਾਸ਼ਟਰੀਦੇਖਭਾਲਮਾਨਕ**

ਘਰੇਲੂ ਸਮਰਥਨ ਸੇਵਾਵਾਂ

# ਅੰਤਕਾ ਬੀ

# ਮਦਦਗਾਰ ਹਵਾਲੇ ਦੀ ਸਮੱਗਰੀ

## ਕਨੂੰਨੀ

### ਦਾ ਅਡਲਟਸ ਵਿਦ ਇਨਕੈਪੈਸਿਟੀ (ਸਕੌਟਲੈਂਡ) ਐਕਟ 2000

ਇਸ ਐਕਟ ਦੇ ਤੈਹਤ ਉਸ ਕਿਸੇ ਵੀ ਗੱਲ ਨੂੰ, ਜਿਸ ਨੂੰ ਅਸਮਰੱਥਾ ਵਾਲੇ ਕਿਸੇ ਬਾਲਗ ਵਜੋਂ ਕੀਤਾ ਜਾਂਦਾ ਹੈ, ਹੇਠਾਂ ਦਿੱਤੇ ਚਿੰਨ੍ਹਾਂ ਨੂੰ ਕਰਨਾ ਹੋਵੇਗਾ:

- ਉਸ ਦਾ ਫਾਇਦਾ;
- ਵਿਅਕਤੀ ਦੀਆਂ ਇੱਛਾਵਾਂ ਅਤੇ ਉਸ ਦੇ ਨਜ਼ਦੀਕੀ ਰਿਸ਼ਤੇਦਾਰ, ਦੇਖਭਾਲ ਕਰਨ ਵਾਲੇ, ਰੱਖਿਅਕ ਜਾਂ ਅਟਾਰਨੀ ਦੀਆਂ ਇੱਛਾਵਾਂ ਦਾ ਧਿਆਨ ਰੱਖਣਾ; ਅਤੇ
- ਵਿਅਕਤੀ ਦੀ ਸੁਤੰਤਰਤਾ ਨੂੰ ਅਯੋਗ ਤਰੀਕੇ ਨਾਲ ਸੀਮਤ ਕਰਨ ਤੋਂ ਬਿਨਾਂ ਇੱਛਤ ਉਦੇਸ਼ ਨੂੰ ਹਾਸਲ ਕਰਨਾ।

### ਦਾ ਚਿਲਡਰਨ (ਸਕੌਟਲੈਂਡ) ਐਕਟ 1995

ਐਕਟ ਬੱਚਿਆਂ ਨੂੰ ਪ੍ਰਾਥਮਿਕਤਾ ਦਿੰਦਾ ਹੈ। ਹਰ ਬੱਚੇ ਕੋਲ ਹੇਠਾਂ ਦਿੱਤੇ ਚਿੰਨ੍ਹਾਂ ਲਈ ਅਧਿਕਾਰ ਹੈ:

- ਇੱਕ ਵਿਅਕਤੀ ਵਜੋਂ ਵਿਹਾਰ ਕੀਤਾ ਜਾਣਾ;
- ਉਸ ਨੂੰ ਪ੍ਰਭਾਵਿਤ ਕਰਨ ਵਾਲੇ ਮਸਲਿਆਂ ਤੇ ਵਿਚਾਰਾਂ ਨੂੰ ਪੇਸ਼ ਅਤੇ ਵਿਅਕਤ ਕਰਨਾ; ਅਤੇ
- ਹਰ ਤਰ੍ਹਾਂ ਦੇ ਦੁਰਵਿਹਾਰ, ਲਾਪਰਵਾਹੀ ਜਾਂ ਸ਼ੋਸ਼ਣ ਤੋਂ ਰੱਖਿਆ ਕੀਤੀ ਜਾਣੀ।

ਮਾਪਿਆਂ ਅਤੇ ਸਥਾਨਕ ਅਧਿਕਾਰੀਆਂ ਕੋਲ ਦੇਖਭਾਲ ਦੇ ਸੰਤੁਲਨ ਨੂੰ ਹਾਸਲ ਕਰਨ ਲਈ ਅਧਿਕਾਰ ਅਤੇ ਜ਼ੁੰਮੇਵਾਰੀਆਂ ਹਨ।

### ਦਾ ਸਿਵਿਕ ਗੋਵਰਨਮੈਂਟ (ਸਕੌਟਲੈਂਡ) ਐਕਟ 1982 (ਲਾਇਸੈਂਸਿੰਗ ਆਫ ਹਾਊਸਿੰਗ ਇਨ ਮਲਟੀਪਲ ਓਕਿਊਪੇਸ਼ਨ) ਆਰਡਰ 2000

ਇਸ ਆਦੇਸ਼ ਵਿੱਚ ਇਹ ਲੋੜ ਹੁੰਦੀ ਹੈ ਕਿ ਕਈ ਕਬਜ਼ਿਆਂ ਦੇ ਆਧਾਰ ਤੇ ਹੋਣ ਵਾਲੀਆਂ ਸੰਪੱਤੀਆਂ ਦੇ ਮਾਲਕਾਂ ਦਾ ਢੁੱਕਵੇਂ ਸਥਾਨਕ ਅਧਿਕਾਰੀ ਤੋਂ ਲਾਇਸੈਂਸ ਪ੍ਰਾਪਤ ਕਰਨਾ ਲਾਜ਼ਮੀ ਹੈ। ਲਾਇਸੈਂਸ ਸਿਰਫ ਤਾਂ ਹੀ ਜਾਰੀ ਕੀਤਾ ਜਾਂਦਾ ਹੈ ਜਿੱਥੇ ਸੰਪੱਤੀ ਲੋੜੀਂਦੇ ਮਾਨਕਾਂ ਨੂੰ ਪੂਰਾ ਕਰਦੀ ਹੈ ਅਤੇ ਮਾਲਕ ਕੋਲ ਉਸ ਦੀ ਥਾਂ ਤੇ ਜਰੂਰੀ ਪ੍ਰਬੰਧਨ ਨਿਤੀਆਂ ਉਪਲਬਧ ਹੁੰਦੀਆਂ ਹਨ।

### ਦਾ ਡੈਟਾ ਪ੍ਰੋਟੈਕਸ਼ਨ ਐਕਟ 1998

ਐਕਟ ਇਸ ਨੂੰ ਕਵਰ ਕਰਦਾ ਹੈ ਕਿ ਕਿਵੇਂ ਰਹਿਣ ਵਾਲੇ, ਪਛਾਣਯੋਗ ਲੋਕਾਂ ਬਾਰੇ ਜਾਣਕਾਰੀ ਦੀ ਵਰਤੋਂ ਕੀਤੀ ਜਾਂਦੀ ਹੈ। ਉਨ੍ਹਾਂ ਸਾਰੇ ਸੰਗਠਨਾਂ ਦਾ ਅਨੁਪਾਲਣ ਕਰਨਾ ਲਾਜ਼ਮੀ ਹੈ ਜੋ ਵਿਅਕਤੀਗਤ ਡੈਟੇ ਨੂੰ ਆਪਣੇ ਕੋਲ ਰੱਖਦੇ ਹਨ ਜਾਂ ਇਸ ਦੀ ਵਰਤੋਂ ਕਰਦੇ ਹਨ।

## ਦਾ ਡਿਸੇਬਿਲਿਟੀ ਡਿਸਕ੍ਰਿਮਿਨੇਸ਼ਨ ਐਕਟ 1995

ਇਹ ਵਿਆਪਕ ਰੇਂਜ਼ ਵਾਲਾ ਐਕਟ, ਜੋ 1996 ਵਿੱਚ ਲਾਗੂ ਹੋਇਆ, ਰੁੱਜਗਾਰ, ਚੀਜ਼ਾਂ, ਸੇਵਾਵਾਂ, ਆਵਾਜਾਈ ਅਤੇ ਸਿੱਖਿਆ ਤੇ ਪਹੁੰਚ ਵਿੱਚ ਅਪਾਹਜ ਲੋਕਾਂ ਦੇ ਪ੍ਰਤੀ ਭੇਦਭਾਵ ਕਰਨ ਨੂੰ ਗੈਰ-ਕਨੂੰਨੀ ਬਣਾਉਂਦਾ ਹੈ।

## ਦਾ ਹੈਲਥ ਐਂਡ ਸੇਫਟੀ ਐਟ ਵਰਕ ਈਟੀਸੀ ਐਕਟ 1974

ਐਕਟ ਸਿਹਤ ਅਤੇ ਸੁਰੱਖਿਆ ਸਬੰਧੀ ਕਨੂੰਨ ਦਾ ਮੁੱਢਲਾ ਹਿੱਸਾ ਹੈ ਜੋ ਉਸ ਹਰ ਵਿਅਕਤੀ ਨੂੰ ਕਵਰ ਕਰਦਾ ਹੈ ਜੋ ਕਿ ਕੰਮਕਾਜੀ ਗਤੀਵਿਧੀ ਦੁਆਰਾ ਪ੍ਰਭਾਵਿਤ ਹੁੰਦਾ ਹੈ। ਇਹ ਮਾਲਕਾਂ ਤੇ ਕੰਮ ਵਾਲੀ ਥਾਂ ਤੇ ਸਿਹਤ ਅਤੇ ਸੁਰੱਖਿਆ ਲਈ ਕਨੂੰਨੀ ਜੁੰਮੇਵਾਰੀ ਦਾ ਬੋਝ ਪਾਉਂਦਾ ਹੈ।

## ਦਾ ਹਾਊਸਿੰਗ (ਸਕੋਟਲੈਂਡ) ਐਕਟ 2001

ਇਸ ਐਕਟ ਦੀ ਧਾਰਾ 91 ਉਨ੍ਹਾਂ ਕੁਝ ਖਾਸ ਸੀਮਾਵਾਂ ਦੇ ਅੰਦਰ ਘਰੇਲੂ ਸਮਰਥਨ ਸੇਵਾਵਾਂ ਦੇ ਪ੍ਰਬੰਧਨ ਅਤੇ ਖਰੀਦ ਲਈ ਸਥਾਨਕ ਅਧਿਕਾਰੀਆਂ ਲਈ ਪ੍ਰਾਵਧਾਨ ਬਣਾਉਂਦੀ ਹੈ ਜਿਸ ਨੂੰ ਨਿਯਾਮਕ ਵਿੱਚ ਦਰਸ਼ਾਇਆ ਜਾਵੇਗਾ। ਇਹ ਪ੍ਰਬੰਧਨ ਅਪ੍ਰੈਲ 2003 ਵਿੱਚ ਸੰਚਾਲਨ ਵਿੱਚ ਆਉਣਗੇ। ਉਨ੍ਹਾਂ ਘਰੇਲੂ ਸਮਰਥਨ ਸੇਵਾਵਾਂ ਦਾ ਉਦੇਸ਼ ਸਮੁਦਾਏ ਵਿੱਚ ਉਨ੍ਹਾਂ ਦੇ ਖੁਦ ਦੇ ਘਰਾਂ ਵਿੱਚ ਰਹਿਣ ਲਈ ਲੋਕਾਂ ਦੀ ਮਦਦ ਕਰਨਾ ਹੈ ਜਿਨ੍ਹਾਂ ਵਿੱਚ ਆਮ ਸਲਾਹ-ਮਸ਼ਵਰਾ ਅਤੇ ਸਮਰਥਨ ਸ਼ਾਮਲ ਹੈ। ਕੁਝ ਹਲਾਤਾਂ ਵਿੱਚ ਇਨ੍ਹਾਂ ਸੇਵਾਵਾਂ ਅਤੇ ਘਰ ਵਿੱਖੇ ਦੇਖਭਾਲ ਦੇ ਜਰੀਏ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਦੇ ਵਿੱਚ ਪਰਸਪਰ ਵਿਆਪੀ ਸੰਬਧ ਹੋ ਸਕਦਾ ਹੈ। ਘਰੇਲੂ ਸਮਰਥਨ ਸੇਵਾਵਾਂ ਦੇ ਪ੍ਰਦਾਤਾਵਾਂ ਨੂੰ ਵੀ ਰੈਗੁਲੇਸ਼ਨ ਆਫ ਕੇਅਰ (ਸਕੋਟਲੈਂਡ) ਐਕਟ 2001 ਦੇ ਤੈਹਤ ਨਿਯੰਤ੍ਰਿਤ ਕੀਤਾ ਜਾਵੇਗਾ।

## ਦਾ ਹਿਊਮਨ ਰਾਈਟਸ ਐਕਟ 1998

ਐਕਟ ਸਮਾਜਕ ਸੰਸਥਾਵਾਂ ਦੀਆਂ ਕਿਰਿਆਵਾਂ ਦੇ ਸਬੰਧ ਵਿੱਚ ਸਕੋਟਸ ਅਤੇ ਅੰਗਰੇਜੀ ਕਨੂੰਨ ਵਿੱਚ ਮਨੁੱਖੀ ਅਧਿਕਾਰਾਂ ਤੇ ਯੁਰੋਪਿਅਨ ਕੰਵੈਂਸ਼ਨ ਨੂੰ ਸ਼ਾਮਲ ਕਰਦਾ ਹੈ। ਇਸ ਦਾ ਉਦੇਸ਼ ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਨਾ ਅਤੇ ਲੋਕਰਾਜੀ ਸਮਾਜ ਦੇ ਆਦਰਸ਼ਾਂ ਅਤੇ ਸਿਧਾਂਤਾਂ ਨੂੰ ਕਾਇਮ ਰੱਖਣਾ ਅਤੇ ਉਨ੍ਹਾਂ ਦਾ ਪ੍ਰਚਾਰ ਕਰਨਾ ਹੈ। ਕੰਵੈਂਸ਼ਨ ਦੇ ਲੇਖਾਂ ਵਿੱਚ ਇਹ ਸ਼ਾਮਲ ਹਨ:

- ਸੋਚ, ਅੰਤਰ-ਆਤਮਾ ਅਤੇ ਧਰਮ ਦੀ ਸੁਤੰਤਰਤਾ;
- ਅਭਿਵਿਅੰਜਨਾ ਦੀ ਸੁਤੰਤਰਤਾ;
- ਵਿਧਾਨਸਭਾ ਅਤੇ ਸੰਘ ਦੀ ਸੁਤੰਤਰਤਾ;
- ਨਿਜੀ ਅਤੇ ਪਰਿਵਾਰਕ ਜੀਵਨ ਲਈ ਸਤਿਕਾਰ ਕੀਤੇ ਜਾਣ ਦਾ ਅਧਿਕਾਰ; ਅਤੇ
- ਵਿਆਹ ਕਰਨ ਦਾ ਅਧਿਕਾਰ।

## ਦਾ ਮੈਂਟਲ ਹੈਲਥ (ਦੇਖਭਾਲ ਅਤੇ ਇਲਾਜ) (ਸਕੋਟਲੈਂਡ) ਐਕਟ 2003

ਵਰਤਮਾਨ ਵਿੱਚ ਸਮੀਖਿਆ ਦੇ ਤੈਹਤ, ਐਕਟ ਮਾਨਸਕ ਵਿਕਾਰ ਵਾਲੇ ਲੋਕਾਂ ਦੀ ਜਰੂਰੀ ਨਜ਼ਰਬੰਦੀ ਅਤੇ ਇਲਾਜ ਲਈ ਪ੍ਰਦਾਨ ਕੀਤਾ ਜਾਂਦਾ ਹੈ।

## ਦਾ ਮਿਸਯੂਜ਼ ਆਫ ਡ੍ਰਗਸ ਐਕਟ 1971

ਐਕਟ ਯੂਕੇ ਵਿੱਚ ਨਸ਼ੀਲੇ ਪਦਾਰਥਾਂ ਦੇ ਨਿਯੰਤ੍ਰਣ ਲਈ ਮੁੱਖ ਕਨੂੰਨ ਹੈ। ਇਹ ਉਸ ਸਥਿਤੀ ਤੋਂ ਇਲਾਵਾ ਡਾਕਟਰੀ ਅਤੇ ਹੋਰ ਉਤਪਾਦਾਂ ਦੇ ਕਬਜ਼ੇ, ਪੂਰਤੀ ਅਤੇ ਨਿਰਮਾਣ ਤੇ ਰੋਕ ਲਗਾਉਂਦਾ ਹੈ ਜਿੱਥੇ ਇਨ੍ਹਾਂ ਨੂੰ ਮਿਸਯੂਜ਼ ਆਫ ਡ੍ਰਗਸ ਰੈਗੁਲੇਸ਼ੰਸ 1985 ਦੁਆਰਾ ਕਨੂੰਨੀ ਬਣਾ ਦਿੱਤੀ ਗਿਆ ਹੈ।

ਕਨੂੰਨ ਨਿਯੰਤ੍ਰਿਤ ਦਵਾਈਆਂ ਦੇ ਨਾਲ ਸਬੰਧਤ ਹੈ ਅਤੇ ਉਹ ਇਨ੍ਹਾਂ ਨੂੰ ਪੰਜ ਵੱਖਰੀਆਂ ਅਨੁਸੂਚੀਆਂ ਵਿੱਚ ਪਾਉਂਦਾ ਹੈ। ਉਸ ਕਿਸੇ ਵੀ ਵਿਅਕਤੀ ਨੂੰ ਮਿਸਯੂਜ਼ ਆਫ ਡ੍ਰਗਸ ਰੈਗੁਲੇਸ਼ੰਸ 1985 ਅਤੇ ਮਿਸਯੂਜ਼ ਆਫ ਡ੍ਰਗਸ (ਸੇਫ ਕਸਟਡੀ) ਰੈਗੁਲੇਸ਼ੰਸ 1973 ਦੇ ਤੱਤ ਬਾਰੇ ਪਤਾ ਹੋਣਾ ਚਾਹੀਦਾ ਹੈ ਜੋ ਕਿ ਨਿਯੰਤ੍ਰਿਤ ਦਵਾਈਆਂ ਦਾ ਭੰਡਾਰਨ ਕਰਨ ਅਤੇ ਉਨ੍ਹਾਂ ਦਾ ਪ੍ਰਬੰਧਨ ਕਰਨ ਲਈ ਜ਼ੁੰਮੇਵਾਰ ਹੁੰਦਾ ਹੈ।

## ਦਾ ਪੁਲਿਸ ਐਕਟ 1997

ਪੁਲਿਸ ਐਕਟ 1997 ਦੇ ਭਾਗ 5 ਨੂੰ ਅਪ੍ਰੈਲ 2002 ਵਿੱਚ ਲਾਗੂ ਕੀਤਾ ਗਿਆ ਸੀ। ਇਸ ਨੂੰ ਵਿਅਕਤੀਆਂ ਅਤੇ ਸੰਗਠਨਾਂ ਨੂੰ ਅਪਰਾਧਿਕ ਰਿਕਾਰਡ ਜਾਣਕਾਰੀ ਦੇ ਪ੍ਰਮਾਣ-ਪੱਤਰ ਜਾਰੀ ਕਰਨ ਲਈ ਸਕੋਟਿਸ਼ ਅਪਰਾਧਿਕ ਰਿਕਾਰਡ ਦਫਤਰ ਲਈ ਪ੍ਰਦਾਨ ਕੀਤਾ ਜਾਂਦਾ ਹੈ।

## ਦਾ ਪਬਲਿਕ ਇੰਟ੍ਰਸਟ ਡਿਸਕਲੋਜ਼ਰ ਐਕਟ 1998

ਐਕਟ ਉਨ੍ਹਾਂ ਕਾਰਜ-ਕਰਤਾਵਾਂ ਦੀ ਰੱਖਿਆ ਕਰਦਾ ਹੈ ਜੋ ਗਲਤ ਕੰਮ ਹੋਣ ਤੇ 'ਅਚਾਨਕ ਰੋਕ ਲਗਵਾਉਂਦੇ' ਹਨ। ਇਹ ਮੁੱਖ ਤੌਰ ਤੇ ਇੰਪਲੋਏਮੈਂਟ ਰਾਇਟਸ ਐਕਟ 1996 ਵਿੱਚ ਸੰਸ਼ੋਧਨਾਂ ਦਾ ਰੂਪ ਲੈਂਦਾ ਹੈ, ਅਤੇ ਖੁਲਾਸਿਆਂ ਦੇ ਪ੍ਰਕਾਰਾਂ, ਜਿਨ੍ਹਾਂ ਨੂੰ ਸੁਰੱਖਿਅਤ ਕੀਤਾ ਜਾ ਸਕਦਾ ਹੈ; ਉਨ੍ਹਾਂ ਸਥਿਤੀਆਂ ਜਿਨ੍ਹਾਂ ਵਿੱਚ ਅਜਿਹੇ ਖੁਲਾਸਿਆਂ ਦੀ ਰੱਖਿਆ ਕੀਤੀ ਜਾਂਦੀ ਹੈ; ਅਤੇ ਉਨ੍ਹਾਂ ਵਿਅਕਤੀਆਂ ਬਾਰੇ ਪ੍ਰਾਵਧਾਨ ਬਣਾਉਂਦਾ ਹੈ ਜਿਨ੍ਹਾਂ ਦੀ ਰੱਖਿਆ ਕੀਤੀ ਜਾ ਸਕਦੀ ਹੈ।

## ਦਾ ਰੇਸ ਰਿਲੇਸ਼ੰਸ ਐਕਟ 1976

ਐਕਟ ਰੁੱਜ਼ਗਾਰ, ਸੇਵਾ ਦੀ ਭਿਜਵਾਈ, ਸਿਖਲਾਈ ਅਤੇ ਹੋਰ ਖੇਤਰਾਂ ਵਿੱਚ ਜਾਤੀ ਸਬੰਧੀ ਭੇਦਭਾਵ ਨੂੰ ਗੈਰ-ਕਨੂੰਨੀ ਬਣਾਉਂਦਾ ਹੈ।

## ਦਾ ਰੇਸ ਰਿਲੇਸ਼ੰਸ (ਸੰਸ਼ੋਧਨ) ਐਕਟ 2000

ਐਕਟ ਉਨ੍ਹਾਂ ਸਮਾਜਕ ਗਤੀਵਿਧੀਆਂ ਵਿੱਚ ਜਾਤੀ ਸਬੰਧੀ ਭੇਦਭਾਵ ਨੂੰ ਗੈਰ-ਕਨੂੰਨੀ ਬਣਾਉਂਦਾ ਹੈ ਜਿਨ੍ਹਾਂ ਨੂੰ ਪਹਿਲਾਂ ਕਵਰ ਨਹੀਂ ਕੀਤਾ ਗਿਆ ਸੀ। ਇਹ ਜਾਤ ਦੀ ਬਰਾਬਰਤਾ ਨੂੰ ਵਧਾਵਾ ਦੇਣ ਲਈ ਸਮਾਜਕ ਸੰਗਠਨਾਂ ਤੇ ਆਮ ਕਰਤੱਵ ਨੂੰ ਪਾਉਂਦਾ ਹੈ।

## ਦਾ ਰੈਗੁਲੇਸ਼ਨ ਆਫ ਕੇਅਰ (ਸਕੋਟਲੈਂਡ) ਐਕਟ 2001

ਐਕਟ ਉਨ੍ਹਾਂ ਦੇਖਭਾਲ ਦੀਆਂ ਸੇਵਾਵਾਂ ਦੇ ਪੰਜੀਕਰਨ ਅਤੇ ਜਾਂਚ ਸਮੇਤ ਦੇਖਭਾਲ ਦੀ ਸੇਵਾ ਦੇ ਨਿਯਾਮਕ ਦੀ ਨਵੀਂ ਪ੍ਰਣਾਲੀ ਦੀ ਸਥਾਪਨਾ ਕਰਦਾ ਹੈ ਜੋ ਰਾਸ਼ਟਰੀ ਦੇਖਭਾਲ ਮਾਨਕਾਂ ਨੂੰ ਧਿਆਨ ਵਿੱਚ ਰੱਖਦੀ ਹੈ। ਐਕਟ ਦੋ ਨਵੀਆਂ ਰਾਸ਼ਟਰੀ, ਸੁਤੰਤਰ ਸੰਸਥਾਵਾਂ ਦਾ ਵੀ ਨਿਰਮਾਣ ਕਰਦਾ ਹੈ, ਇੱਕ ਦੇਖਭਾਲ ਦੇ ਨਿਯਾਮਕ ਲਈ ਸਕੋਟਿਸ਼ ਕਮਿਸ਼ਨ ਜੋ ਦੇਖਭਾਲ ਦੀਆਂ ਸੇਵਾਵਾਂ ਨੂੰ ਨਿਯੰਤ੍ਰਿਤ ਕਰਦਾ ਹੈ ਅਤੇ ਦੂਜਾ ਸਕੋਟਿਸ਼ ਸਮਾਜਕ ਸੇਵਾਵਾਂ ਦੀ ਕੌਂਸਲ, ਜੋ ਸਮਾਜਕ ਸੇਵਾ ਦੇ ਮਜਦੂਰਾਂ ਨੂੰ ਨਿਯੰਤ੍ਰਿਤ ਕਰਦਾ ਹੈ ਅਤੇ ਇਸ ਦੀ ਸਿੱਖਿਆ ਅਤੇ ਸਿਖਲਾਈ ਨੂੰ ਵਧਾਵਾ ਦਿੰਦਾ ਅਤੇ ਨਿਯੰਤ੍ਰਿਤ ਕਰਦਾ ਹੈ।

ਤੁਸੀਂ ਜਾਣਕਾਰੀ ਲਈ ਇਨ੍ਹਾਂ ਵੈਬਸਾਇਟਾਂ ਤੇ ਜਾ ਸਕਦੇ ਹੋ:

- ਰੈਗੁਲੇਸ਼ਨ ਆਫ ਕੇਅਰ (ਸਕੋਟਲੈਂਡ) ਐਕਟ 2001
  www.scotland-legislation.hmso.gov.uk/legislation/scotland/acts2001/20010008.htm
- ਰੈਗੁਲੇਸ਼ਨ ਆਫ ਕੇਅਰ (ਸਕੋਟਲੈਂਡ) ਐਕਟ 2001 ਕਨੂੰਨੀ ਦਸਤਾਵੇਜ਼
  www.scotland-legislation.hmso.gov.uk/legislation/scotland/s-200201.htm

## ਦਾ ਰਿਹੈਬਿਲਿਟੇਸ਼ਨ ਆਫ ਓਫੈਂਡਰਸ ਐਕਟ 1974

ਐਕਟ ਬਹਾਲੀ ਦੀ ਅਵਧੀ ਤੋਂ ਬਾਅਦ, 'ਸਮਾਂ ਬਿਤਾਉਣ' ਜਾਂ ਨਜ਼ਰ-ਅੰਦਾਜ਼ ਕੀਤੇ ਜਾਣ ਲਈ ਕੁਝ ਅਪਰਾਧਿਕ ਦੋਸ਼-ਸਿੱਧੀਆਂ ਨੂੰ ਯੋਗ ਕਰਦਾ ਹੈ। ਬਹਾਲੀ ਦੀ ਅਵਧੀ ਦੋਸ਼-ਸਿੱਧੀ ਦੀ ਮਿਤੀ ਤੋਂ ਸਮੇਂ ਦੀ ਨਿਰਧਾਰਤ ਲੰਬਾਈ ਹੁੰਦੀ ਹੈ।

## ਸੈਕਸ ਡਿਸਕ੍ਰਿਮਿਨੇਸ਼ਨ ਐਕਟ 1975

ਸੈਕਸ ਡਿਸਕ੍ਰਿਮਿਨੇਸ਼ਨ ਐਕਟ 1975 ਭਰਤੀ, ਤਰੱਕੀ ਅਤੇ ਸਿਖਲਾਈ ਵਿੱਚ ਲਿੰਗੀ ਜਾਂ ਵਿਆਹਕ ਸਥਿਤੀ ਦੇ ਅਧਾਰ ਤੇ ਭੇਦਭਾਵ ਕਰਨ ਨੂੰ ਗੈਰ-ਕਨੂੰਨੀ ਬਣਾਉਂਦਾ ਹੈ।

ਐਕਟ ਸਿੱਖਿਆ, ਘਰ, ਚੀਜ਼ਾਂ ਅਤੇ ਸੇਵਾਵਾਂ ਦੇ ਪ੍ਰਾਵਧਾਨ ਅਤੇ ਵਿਗਿਆਪਣ ਨੂੰ ਵੀ ਕਵਰ ਕਰਦਾ ਹੈ।

## ਨਿਤੀ

## ਉੱਤਮਤਾ ਲਈ ਉਦੇਸ਼ ਰੱਖਣਾ: ਸਕੋਟਲੈਂਡ ਵਿੱਚ ਸਮਾਜਕ ਕਾਰਜ ਸੰਬੰਧੀ ਸੇਵਾਵਾਂ ਦਾ ਨਵੀਨੀਕਰਨ ਕਰਨਾ 1999

ਕਨੂੰਨੀ ਦਸਤਾਵੇਜ਼ ਬੱਚਿਆਂ ਅਤੇ ਕਮਜ਼ੋਰ ਬਾਲਗਾਂ ਦੀ ਰੱਖਿਆ ਨੂੰ ਮਜਬੂਤ ਕਰਨ ਲਈ ਅਤੇ ਇਹ ਯਕੀਨੀ ਬਣਾਉਣ ਲਈ, ਕਿ ਉੱਚ ਗੁਣਵੱਤਾ ਦੀਆਂ ਸੇਵਾਵਾਂ ਨੂੰ ਪ੍ਰਦਾਨ ਕੀਤਾ ਜਾਂਦਾ ਹੈ, ਪ੍ਰਸਤਾਵਾਂ ਨੂੰ ਪ੍ਰਦਰਸ਼ਿਤ ਕਰਦਾ ਹੈ। ਦੇਖਭਾਲ ਦੇ ਨਿਯਾਮਕ ਲਈ ਸਕੋਟਿਸ਼ ਕਮਿਸ਼ਨ ਇਸ ਉਦੇਸ਼ ਲਈ ਸਥਾਪਤ ਇੱਕ ਸੁਤੰਤਰ ਨਿਯਾਮਕ ਹੈ।

## ਅਵਰ ਨੈਸ਼ਨਲ ਹੈਲਥ 2000

ਸਿਹਤ ਸੰਬੰਧੀ ਯੋਜਨਾ ਦਾ ਉਦੇਸ਼ ਸਕੋਟਲੈਂਡ ਦੀ ਸਿਹਤ ਵਿੱਚ ਸੁਧਾਰ ਕਰਨਾ ਅਤੇ ਇੱਕ ਰਾਸ਼ਟਰੀ ਸੇਵਾ ਵਜੋਂ ਐੱਨਐੱਚਐੱਸ ਨੂੰ ਵਾਪਸ ਲਿਆਉਂਦੇ ਹੋਏ ਅਤੇ ਦੇਖਭਾਲ ਅਤੇ ਮਾਨਕਾਂ ਵਿੱਚ ਸੁਧਾਰ ਕਰਦੇ ਹੋਏ, ਅਮੀਰ ਅਤੇ ਗਰੀਬ ਲੋਕਾਂ ਦੇ ਵਿੱਚ ਦੇ ਸਿਹਤ ਸੰਬੰਧੀ ਅੰਤਰਾਂ ਨੂੰ ਸਮਾਪਤ ਕਰਨਾ ਹੈ।

## ਹੋਰ ਉਪਯੋਗੀ ਹਵਾਲੇ ਦੀ ਸਮੱਗਰੀ

*Best Value in Housing Care and Support: Guidance and Good Practice,* Department of Employment Transport and the Regions (DETR), January 2001.

*Low intensity support: preventing dependency,* Joseph Rowntree Foundation (JRF) Foundations 159, January 1999.

*Low intensity support services: a systematic literature review,* Deborah Quilgars, The Policy Press, 2000.

Evaluation of Anchor Housing Corporation initiative on community care and housing for older people – publication pending.

*What price independence: Independent living and people with high support needs,* Ann Kestenbaum, The Policy Press, 1999.

*A life in the community: Home-Link – Supporting people with mental health problems in ordinary housing,* Deborah Quilgars, The Policy Press, 1988.

*That bit of help: The importance of 'low level' preventive services to older people,* Heather Clark, Sue Dyer and Jo Horwood, The Policy Press, 1988.

*Blurring the boundaries: A fresh look at housing and care provision for older people,* Christine Oldman, Pavilion Publishing, 2000.

*An ordinary home: housing and support for people with learning disabilities,*
Maurice Harker and Nigel King, IDEA Publications, 1999.

*Living Support Networks – the services provided by Keyring*, Ken Simons, Pavilion Publishing 1998.

*The Open House Programme for people sleeping rough: an evaluation,* Nicholas Pleace, Centre for Housing Policy, 1998.

*Supporting people with acquired brain injury in their own homes,* Gail Cunningham, Moira Wilson and Sarah Whitely, The Policy Press, 1998.

*Supported accommodation for ex-offenders: Identifying effective practice,* Dr Gill McIvor and Mary Taylor, Department of Applied Social Science, University of Stirling, 1995.

*Between ambition and achievement: Young black disabled people's views and experiences of independence and independent living,* Tracey Bignall and Jabeer Butt, The Policy Press, 2000.

*Living independently with support,* Ann Douglas, Charlotte MacDonald and Mary Taylor, The Policy Press, 1998.